19-SEP-PAGE-1.qxd 9/18/2023 10:55 PM Page 1

ਮੰਗਲਵਾਰ, 19 ਸਤੰਬਰ, 2023
3 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 109

ਨਵਾਂ ਜ਼ਮਾਨਾ

DAILY NAWAN ZAMANA • TUESDAY, 19 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਇਮਾਰਤ ਬਦਲਣ ਨਾਲ ਕੁਝ ਨਹੀਂ ਹੋਣਾ, ਦੇਸ਼ ਦੇ ਹਾਲਾਤ ਬਦਲੋ : ਖੜਗੇ

ਨਵੀਂ ਦਿੱਲੀ : ਸੰਸਦ ਦੇ ਵਿਸ਼ੇਸ਼ ਅਜਲਾਸ ਦੇ ਪਹਿਲੇ ਦਿਨ ਸੋਮਵਾਰ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਬਦਲਣਾ ਹੈ ਤਾਂ ਦੇਸ਼ ਦੇ ਹਾਲਾਤ ਬਦਲੋ। ਮੰਗਲਵਾਰ ਤੋਂ ਸੰਸਦ ਦੀ ਕਾਰਵਾਈ ਨਵੀਂ ਸੰਸਦ ਵਿਚ ਚੱਲੇਗੀ। ਪੁਰਾਣੀ ਸੰਸਦ ਵਿਚ ਬਿਤਾਏ ਦਿਨਾਂ ਨੂੰ ਯਾਦ ਕਰਦਿਆਂ ਕਾਂਗਰਸ ਪ੍ਰਧਾਨ ਖੜਗੇ ਨੇ ਕਿਹਾ-ਇਨ੍ਹਾਂ 75 ਸਾਲਾਂ ਵਿਚ ਅਸੀਂ ਬਹੁਤ ਕੁਝ ਦੇਖਿਆ ਤੇ ਸਿੱਖਿਆ। ਮੈਂ 52 ਸਾਲ ਇਥੇ ਬਿਤਾਏ। ਇਸ ਭਵਨ ਵਿਚ ਹੀ ਸੰਵਿਧਾਨ ਬਣਿਆ। 26 ਨਵੰਬਰ 1949 ਵਿਚ ਸੰਵਿਧਾਨ ਸਭਾ ਦੀ ਬਹਿਸ ਸੁਣਨ ਲਈ ਕਰੀਬ 53 ਹਜ਼ਾਰ ਲੋਕ ਆਏ ਸਨ। ਉਹ ਅਜਿਹਾ ਵਕਤ ਸੀ, ਜਦ ਸਭ ਨੂੰ ਨਾਲ ਲੈ ਕੇ ਚੱਲਿਆ ਜਾਂਦਾ ਸੀ। ਉਸ ਸਮੇਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸਨ।

ਉਨ੍ਹਾ ਅੱਗੇ ਕਿਹਾ-ਬਦਲਣਾ ਹੈ ਤਾਂ ਹੁਣ ਹਾਲਾਤ ਬਦਲੋ, ਨਾਂਅ ਬਦਲਣ ਨਾਲ ਕੀ ਹੁੰਦਾ ਹੈ? ਦੇਣਾ ਹੈ ਤਾਂ ਨੌਜਵਾਨਾਂ ਨੂੰ ਰੁਜ਼ਗਾਰ ਦਿਓ, ਸਭ ਨੂੰ ਬੇਰੁਜ਼ਗਾਰ ਕਰਕੇ ਕੀ ਹੁੰਦਾ ਹੈ। ਦਿਲ ਨੂੰ ਥੋੜ੍ਹਾ ਵੱਡਾ ਕਰਕੇ ਦੇਖੋ ਲੋਕਾਂ ਨੂੰ ਮਾਰਨ ਨਾਲ ਕੀ ਹੁੰਦਾ ਹੈ। ਕੁਝ ਨਹੀਂ ਕਰ ਸਕਦੇ ਤਾਂ ਕੁਰਸੀ ਛੱਡ

ਦਿਓ, ਗੱਲ-ਗੱਲ 'ਤੇ ਡਰਾਉਣ ਨਾਲ ਕੀ ਹੁੰਦਾ ਹੈ। ਆਪਣੀ ਹੁਕਮਰਾਨੀ 'ਤੇ ਤੁਹਾਨੂੰ ਗਰੂਰ ਹੈ। ਲੋਕਾਂ ਨੂੰ ਡਰਾਉਣ-ਧਮਕਾਉਣ ਨਾਲ ਕੀ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ 'ਚ ਕਿਹਾ ਕਿ ਨਵੇਂ ਕੰਪਲੈਕਸ 'ਚ ਜਾਣ ਤੋਂ ਪਹਿਲਾਂ ਇਸ ਸੰਸਦ ਭਵਨ ਨਾਲ ਜੁੜੇ ਪ੍ਰੇਰਨਾਦਾਇਕ ਪਲਾਂ ਨੂੰ ਯਾਦ ਕਰਨ ਦਾ ਸਮਾਂ ਆ ਗਿਆ ਹੈ। ਇਹ ਪੁਰਾਣਾ ਸੰਸਦ ਭਵਨ ਸਾਡੇ ਦੇਸ਼ਵਾਸੀਆਂ ਦੇ ਪਸੀਨੇ, ਮਿਹਨਤ ਅਤੇ ਪੈਸੇ ਨਾਲ ਬਣਿਆ ਹੈ। ਜੀ-20 ਸੰਮੇਲਨ ਦੀ ਸਫਲਤਾ ਕਿਸੇ ਇਕ ਵਿਅਕਤੀ ਜਾਂ ਕਿਸੇ ਇਕ ਪਾਰਟੀ ਦੀ ਨਹੀਂ, ਸਗੋਂ ਪੂਰੇ ਦੇਸ਼ ਦੀ ਸਫਲਤਾ ਹੈ। ਪ੍ਰਧਾਨ ਮੰਤਰੀ ਨੇ ਦੇਸ਼ ਦੇ ਨਿਰਮਾਣ 'ਚ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਪੀ ਵੀ ਨਰਸਿਮਹਾ ਰਾਓ, ਅਟਲ ਬਿਹਾਰੀ ਵਾਜਪਾਈ ਅਤੇ ਮਨਮੋਹਨ ਸਿੰਘ ਸਮੇਤ ਕਈ ਨੇਤਾਵਾਂ ਦੇ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਪਿਛਲੇ 75 ਸਾਲਾਂ 'ਚ ਇਹ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਕਿ ਸੰਸਦ ਵਿਚ ਆਮ ਲੋਕਾਂ ਦਾ ਭਰੋਸਾ ਵਧਿਆ ਹੈ। ਆਪਣੇ ਸੁਭਾਅ ਮੁਤਾਬਕ ਮੋਦੀ ਨੇ ਇਹ ਵੀ ਕਿਹਾ ਕਿ ਐਮਰਜੰਸੀ ਤੇ ਨੋਟ ਬਦਲੇ ਵੋਟ ਵਰਗੇ ਮਾਮਲੇ ਵੀ ਪੁਰਾਣੇ ਸੰਸਦ ਭਵਨ ਨੇ ਦੇਖੇ।

ਜੋਤਿਸ਼ੀ ਦੀ ਸਲਾਹ

-ਰਾਜਦ ਦੇ ਮਨੋਜ ਝਾਅ ਨੇ ਰਾਜ ਸਭਾ ਵਿਚ ਕਿਹਾ-ਇਹ ਵਿਸ਼ੇਸ਼ ਅਜਲਾਸ ਹੈ ਹੀ ਨਹੀਂ। ਇਕ ਇਮਾਰਤ ਵਿੱਚੋਂ ਦੂਜੀ 'ਚ ਜਾਣਾ ਸੀ। ਕਿਸੇ ਜੋਤਿਸ਼ੀ ਨੇ ਕਹਿ ਦਿੱਤਾ ਹੋਵੇਗਾ ਕਿ ਇਹ ਦਿਨ ਠੀਕ ਹੈ ਤਾਂ ਅਜਲਾਸ ਸੱਦ ਲਿਆ। ਪ੍ਰਧਾਨ ਮੰਤਰੀ ਜੀ ਜੋਤਿਸ਼ੀਆਂ 'ਤੇ ਬਹੁਤ ਯਕੀਨ ਕਰਦੇ ਹਨ।

ਆਮ ਬਿੱਲ ਸਰਦ ਰੁੱਤ ਅਜਲਾਸ ਦੀ ਉਡੀਕ ਕਰ ਸਕਦੇ ਸਨ, ਉਹ ਵੀ ਇਸੇ ਅਜਲਾਸ ਵਿਚ ਲਿਆਂਦੇ ਜਾ ਰਹੇ ਹਨ। ਮਸਲਨ, ਚੋਣ ਕਮਿਸ਼ਨ ਦਾ ਬਿੱਲ, ਜਿਸ ਨਾਲ ਜਮਹੂਰੀਅਤ ਦਾ ਗ਼ਲ ਵੱਢਿਆ ਜਾਣਾ ਹੈ।

ਅਡਾਨੀ ਜਾਂਚ ਪੈਨਲ 'ਚੋਂ 3 ਮੈਂਬਰ ਹਟਾਉਣ ਲਈ ਅਰਜ਼ੀ

ਨਵੀਂ ਦਿੱਲੀ : ਅਡਾਨੀ ਗਰੁੱਪ ਬਾਰੇ ਹਿੰਡਨਬਰਗ ਦੀ ਰਿਪੋਰਟ ਵਿਚ ਲਾਏ ਗਏ ਦੋਸ਼ਾਂ ਦੀ ਜਾਂਚ ਲਈ ਬੇਦਾਗ ਮਾਹਰਾਂ ਦਾ ਨਵਾਂ ਪੈਨਲ ਬਣਾਉਣ ਦੀ ਮੰਗ ਕੀਤੀ ਗਈ ਹੈ। ਇਸ ਕੇਸ ਨਾਲ ਜੁੜੇ ਇਕ ਪਟੀਸ਼ਨਰ ਅਨਾਮਿਕਾ ਜੈਸਵਾਲ ਨੇ ਛੇ ਮਾਹਰਾਂ ਵਿੱਚੋਂ ਤਿੰਨ 'ਤੇ ਹਿਤਾਂ ਦਾ ਟਕਰਾਅ ਦਾ ਦੋਸ਼ ਲਾਇਆ ਹੈ। ਸੁਪਰੀਮ ਵਿਚ ਅਰਜ਼ੀ ਦਿੰਦਿਆਂ ਜੈਸਵਾਲ ਨੇ ਦਾਅਵਾ ਕੀਤਾ ਕਿ ਮਾਹਰਾਂ ਦੇ ਪੈਨਲ ਵਿਚ ਓ ਪੀ ਭੱਟ (ਸਟੇਟ ਬੈਂਕ ਆਫ ਇੰਡੀਆ ਦੇ ਸਾਬਕਾ ਚੇਅਰਮੈਨ), ਕੇ ਵੀ ਕਾਮਥ (ਬੈਂਕਰ) ਤੇ ਸੀਨੀਅਰ ਵਕੀਲ ਸੋਮਸ਼ੇਖਰ ਸੁੰਦਰੇਸਨ ਨੂੰ ਸ਼ਾਮਲ ਕਰਨਾ ਵਾਜਬ ਨਹੀਂ, ਕਿਉਂਕਿ ਉਨ੍ਹਾਂ ਦੇ ਮਾਮਲੇ ਨਾਲ ਹਿੱਤ ਜੁੜੇ ਹੋਏ ਹਨ।

ਜੈਸਵਾਲ ਦੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਦੱਸਿਆ ਕਿ ਭੱਟ ਇਸ ਵੇਲੇ ਇਕ ਪ੍ਰਮੁੱਖ ਗਿਨਿਊਬਲ ਐਨਰਜੀ ਕੰਪਨੀ ਗ੍ਰੀਨਕੋ ਦੇ ਚੇਅਰਮੈਨ ਹਨ। ਇਹ ਕੰਪਨੀ ਅਡਾਨੀ ਗਰੁੱਪ ਨਾਲ ਭਾਈਵਾਲੀ ਕਰਕੇ ਚੱਲ ਰਹੀ ਹੈ। ਭੱਟ ਤੋਂ ਮਾਰਚ 2018 ਵਿਚ ਭਰੌਂਡੇ ਵਿਜੇ ਮਾਲਿਆ ਨੂੰ ਕਰਜ਼ਾ ਦੇਣ ਵਿਚ ਕਥਿਤ ਗੜਬੜੀ ਦੇ ਮਾਮਲੇ ਵਿਚ ਸੀ ਬੀ ਆਈ ਨੇ ਪੁੱਛਗਿੱਛ ਕੀਤੀ ਸੀ। ਭੱਜ ਨੇ 2006 ਤੋਂ 2011 ਤੱਕ ਸਟੇਟ ਬੈਂਕ ਆਫ ਇੰਡੀਆ ਦੇ ਚੇਅਰਮੈਨ ਵਜੋਂ ਕੰਮ ਕੀਤਾ ਸੀ। ਇਸ ਦੌਰਾਨ ਮਾਲਿਆ ਦੀਆਂ ਕੰਪਨੀਆਂ ਨੂੰ ਕਾਫੀ ਕਰਜ਼ੇ ਦਿੱਤੇ ਗਏ ਸਨ। ਅਰਜ਼ੀ ਵਿਚ ਕਿਹਾ ਗਿਆ ਹੈ ਕਿ ਕੇ ਵੀ ਕਾਮਥ 1996 ਤੋਂ 2009 ਤੱਕ ਆਈ ਸੀ ਆਈ ਸੀ ਆਈ ਬੈਂਕ ਦੇ ਚੇਅਰਮੈਨ ਸਨ ਤੇ ਇਨ੍ਹਾ ਦਾ ਨਾਂਅ ਆਈ ਸੀ ਆਈ ਸੀ ਆਈ ਬੈਂਕ ਧੋਖਾਧੜੀ ਮਾਮਲੇ ਵਿਚ ਸੀ ਬੀ ਆਈ ਦੀ ਐੱਫ ਆਈ ਆਰ ਵਿਚ ਦਰਜ ਸੀ। ਇਸ ਮਾਮਲੇ ਵਿਚ ਆਈ ਸੀ ਆਈ ਸੀ

ਆਈ ਦੀ ਸਾਬਕਾ ਸੀ ਈ ਓ ਚੰਦਾ ਕੋਚਰ ਮੁੱਖ ਮੁਲਜ਼ਮ ਹੈ। ਪਟੀਸ਼ਨਰ ਨੇ ਕਿਹਾ ਹੈ ਕਿ ਸੀਨੀਅਰ ਵਕੀਲ ਸੁੰਦਰੇਸਨ ਸੇਬੀ ਬੋਰਡ ਦੀਆਂ ਵੱਖ-ਵੱਖ ਬਾਡੀਆਂ ਅੱਗੇ ਅਡਾਨੀ ਗਰੁੱਪ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਹਨ। ਪਟੀਸ਼ਨਰ ਨੇ ਸੁਪਰੀਮ ਕੋਰਟ ਵਿਚ ਸੇਬੀ ਬੋਰਡ ਵੱਲੋਂ ਪਾਸ 2007 ਦੇ ਇਕ ਆਦੇਸ਼ ਨੂੰ ਨੱਥੀ ਕੀਤਾ ਹੈ ਜਿਸ ਵਿਚ ਸੁੰਦਰੇਸਨ ਨੂੰ ਅਡਾਨੀ ਗਰੁੱਪ ਦੀ ਕੰਪਨੀ ਵਿਚ ਮੌਜੂਦ ਦਿਖਾਇਆ ਗਿਆ ਸੀ। ਜਨਵਰੀ ਵਿਚ ਅਮਰੀਕਾ ਦੀ ਇਕ ਸ਼ਾਰਟ ਸੈਲਰ ਫਰਮ ਹਿੰਡਨਬਰਗ ਨੇ ਅਡਾਨੀ ਗਰੁੱਪ ਬਾਰੇ ਰਿਪੋਰਟ ਜਾਰੀ ਕਰਦਿਆਂ ਰੈਗੂਲੇਟਰੀ ਨਾਕਾਮੀ ਤੇ ਕਾਨੂੰਨਾਂ ਦੀ ਉਲੰਘਣਾ ਦੇ ਦੋਸ਼ ਲਾਏ ਸਨ। ਇਨ੍ਹਾਂ ਦੋਸ਼ਾਂ ਕਾਰਨ ਸ਼ੇਅਰ ਬਾਜ਼ਾਰ ਵਿਚ ਤਰਥੱਲੀ ਮਚ ਗਈ ਸੀ ਤੇ ਨਿਵੇਸ਼ਕਾਂ ਨੂੰ ਭਾਰੀ ਨੁਕਸਾਨ ਹੋਇਆ ਸੀ। ਇਸ ਦੇ ਬਾਅਦ ਹਿੰਡਨਬਰਗ ਰਿਪੋਰਟ ਤੇ ਨਿਵੇਸ਼ਕਾਂ ਦੇ ਨੁਕਸਾਨ ਦਾ ਹਵਾਲਾ ਦਿੰਦਿਆਂ ਸੁਪਰੀਮ ਕੋਰਟ ਵਿਚ ਵੱਖ-ਵੱਖ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ। ਦੋ ਮਾਰਚ ਨੂੰ ਇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਮਾਮਲੇ ਨੂੰ ਡੂੰਘਾਈ ਵਿਚ ਜਾਂਚਣ ਲਈ ਛੇ ਮੈਂਬਰੀ ਪੈਨਲ ਬਣਾਇਆ ਸੀ। ਰਿਟਾਇਰਡ ਜੱਜ ਏ ਐੱਮ ਸਪ੍ਰੇ ਦੀ ਅਗਵਾਈ ਵਾਲੇ ਪੈਨਲ ਵਿਚ ਜਸਟਿਸ ਜੇ ਪੀ ਦੇਵਧਰ, ਓ ਪੀ ਭੱਟ, ਐੱਮ ਵੀ ਕਾਮਥ, ਨੰਦਨ ਨੀਲੇਕਣੀ ਤੇ ਸੋਮਸ਼ੇਖਰ ਸੁੰਦਰੇਸਨ ਸ਼ਾਮਲ ਕੀਤੇ ਗਏ ਸਨ। ਇਸ ਦੇ ਕਰੀਬ ਢਾਈ ਮਹੀਨੇ ਬਾਅਦ ਪੈਨਲ ਨੇ ਆਪਣੀ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ। ਰਿਪੋਰਟ ਨੇ ਇਕ ਤਰ੍ਹਾਂ ਨਾਲ ਅਡਾਨੀ ਗਰੁੱਪ ਨੂੰ ਕਲੀਨ ਚਿੱਟ ਦੇ ਦਿੱਤੀ। ਇਸ ਦੇ ਬਾਅਦ ਹੁਣ ਪਟੀਸ਼ਨਰ ਨੇ ਨਵੇਂ ਪੈਨਲ ਦੀ ਮੰਗ ਕੀਤੀ ਹੈ।

ਆਜ਼ਾਦੀ ਸੰਗਰਾਮ 'ਚ ਖੱਬੇ-ਪੱਖੀਆਂ ਦਾ ਦਲੇਰਾਨਾ ਰੋਲ ਰਿਹਾ : ਰਾਜਾ

ਹੈਦਰਾਬਾਦ : ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ ਨੇ ਕਿਹਾ ਕਿ ਆਜ਼ਾਦੀ ਸੰਗਰਾਮ ਤੇ ਹੈਦਰਾਬਾਦ ਦੇ ਨਿਜ਼ਾਮ ਦੇ ਰਾਜ ਖਿਲਾਫ ਖੱਬੇਪੱਖੀਆਂ ਨੇ ਦਲੇਰਾਨਾ ਰੋਲ ਨਿਭਾਇਆ ਸੀ, ਜਦਕਿ ਭਾਜਪਾ ਦੇ ਪਹਿਲੇ ਰੂਪ ਜਨਸੰਘ ਤੇ ਆਰ ਐੱਸ ਐੱਸ ਦਾ ਆਜ਼ਾਦੀ ਦੀ ਲੜਾਈ ਵਿਚ ਕੋਈ ਰੋਲ ਨਹੀਂ ਰਿਹਾ।

ਪਾਰਟੀ ਵੱਲੋਂ ਆਯੋਜਤ ਇਕ ਹਫਤੇ ਦੇ 'ਤਿਲੰਗਾਨਾ ਹਥਿਆਰਬੰਦ ਸੰਘਰਸ਼' ਸਮਾਰੋਹ ਦੀ ਸਮਾਪਤੀ 'ਤੇ ਕਾਮਰੇਡ ਰਾਜਾ ਨੇ ਕਿਹਾ ਕਿ ਖੱਬੇਪੱਖੀਆਂ ਵੱਲੋਂ ਨਿਭਾਏ ਗਏ ਦਲੇਰਾਨਾ ਰੋਲ ਦਾ ਜ਼ਿਕਰ ਕੀਤੇ ਬਿਨਾਂ ਕੋਈ ਆਧੁਨਿਕ ਭਾਰਤ ਤੇ ਤਿਲੰਗਾਨਾ ਦਾ ਇਤਿਹਾਸ ਨਹੀਂ ਲਿਖ ਸਕਦਾ। ਨਿਜ਼ਾਮ ਸ਼ਾਸਨ ਦੇ ਅਧੀਨ ਰਹੇ ਹੈਦਰਾਬਾਦ ਨੂੰ 'ਅਪ੍ਰੇਸ਼ਨ ਪੋਲੋ' ਨਾਂਅ ਦੇ ਪੁਲਸ ਅਪ੍ਰੇਸ਼ਨ ਦੇ ਬਾਅਦ ਭਾਰਤੀ ਸੰਘ ਵਿਚ ਮਿਲਾ ਲਿਆ ਗਿਆ ਸੀ। ਅਪ੍ਰੇਸ਼ਨ ਪੋਲੋ 17 ਸਤੰਬਰ 1948 ਨੂੰ ਸ਼ੁਰੂ ਹੋਇਆ ਸੀ। ਇਸ ਦੀ 75ਵੀਂ ਵਰ੍ਹੇਗੰਢ ਦੇ ਮੌਕੇ ਆਯੋਜਤ ਪ੍ਰੋਗਰਾਮ ਵਿਚ ਕਾਮਰੇਡ ਰਾਜਾ ਨੇ ਕਿਹਾ-ਇਤਿਹਾਸ ਦਾ ਇਹ ਵਿਰੋਧਾਭਾਸ ਹੈ ਕਿ ਭਾਜਪਾ ਇਸ ਦਿਨ ਨੂੰ ਮਨਾ ਰਹੀ ਹੈ, ਇੱਥੋਂ ਤੱਕ ਕਿ ਭਾਰਤ ਰਾਸ਼ਟਰ ਸਮਿਤੀ ਵੀ ਇਹ ਦਿਨ ਮਨਾ ਰਹੀ ਹੈ। ਚਾਹੇ ਕਿਸੇ ਵੀ ਨਾਂਅ ਨਾਲ ਇਸ ਨੂੰ ਮਨਾਇਆ ਜਾਏ ਪਰ ਭਾਜਪਾ ਦਾ ਕੀ ਰੋਲ ਸੀ? ਭਾਜਪਾ ਦਾ ਪਹਿਲਾ ਰੂਪ ਜਨਸੰਘ ਹੈ, ਜਿਸ ਦਾ ਵਿਚਾਰਕ ਗੁਰੂ ਆਰ ਐੱਸ ਐੱਸ ਹੈ। ਉਨ੍ਹਾਂ ਦਾ ਸਾਡੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਕੋਈ ਰੋਲ ਨਹੀਂ ਹੈ।

ਸ਼ਿੰਦੇ ਗਰੁੱਪ ਦੇ ਵਿਧਾਇਕਾਂ ਬਾਰੇ ਫੈਸਲੇ ਲਈ ਡੇਟਲਾਈਨ ਤੈਅ ਕਰਨ ਦੀ ਹਦਾਇਤ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸੋਮਵਾਰ ਮੁੱਖ ਮੰਤਰੀ ਏਕਨਾਥ ਸ਼ਿੰਦੇ ਸਣੇ ਸ਼ਿਵ ਸੈਨਾ (ਸ਼ਿੰਦੇ ਗਰੁੱਪ) ਦੇ 16 ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀ ਅਰਜ਼ੀ 'ਤੇ ਸੁਣਵਾਈ ਕਰਦਿਆਂ ਅਸੰਬਲੀ ਦੇ ਸਪੀਕਰ ਨੂੰ ਕਿਹਾ ਕਿ ਤੁਸੀਂ ਇਸ ਮਾਮਲੇ ਵਿਚ ਫੈਸਲਾ ਲੰਬੇ ਸਮੇਂ ਤੱਕ ਲਈ ਟਾਲ ਨਹੀਂ ਸਕਦੇ। ਇਕ ਹਫਤੇ ਵਿਚ ਮਾਮਲਾ ਵਿਚਾਰੋ ਤੇ ਫੈਸਲੇ ਲਈ ਡੇਟਲਾਈਨ ਤੈਅ ਕਰੋ। ਕੋਰਟ ਨੇ ਸਪੀਕਰ ਨੂੰ ਆਪਣਾ 11 ਮਈ ਦਾ ਹੁਕਮ ਚੇਤੇ ਕਰਾਇਆ, ਜਿਸ ਵਿਚ ਫੈਸਲਾ ਵਾਜਬ ਸਮੇਂ ਵਿਚ ਕਰਨ ਦੀ ਗੱਲ ਕਹੀ ਗਈ ਸੀ। ਕੋਰਟ ਨੇ ਕਿਹਾ ਕਿ ਹੁਣ ਤੱਕ ਇਸ ਮਾਮਲੇ ਵਿਚ ਕੁਝ ਨਹੀਂ ਹੋਇਆ। ਇਸ ਦੇ ਬਾਅਦ ਕੋਰਟ ਨੇ ਸੁਣਵਾਈ ਦੋ ਹਫਤਿਆਂ ਲਈ ਮੁਲਤਵੀ ਕਰ ਦਿੱਤੀ।

ਉੱਧਰ, ਕੋਰਟ ਨੇ ਸ਼ਿਵ ਸੈਨਾ ਦੇ ਨਾਂਅ ਤੇ ਨਿਸ਼ਾਨ ਨਾਲ ਜੁੜੇ ਮਾਮਲੇ ਦੀ ਸੁਣਵਾਈ ਤਿੰਨ ਹਫਤਿਆਂ ਲਈ ਟਾਲ ਦਿੱਤੀ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਤੇ

■ ਸੁਪਰੀਮ ਕੋਰਟ ਵੱਲੋਂ ਮਾਮਲਾ ਟਾਲਣ 'ਤੇ ਸਪੀਕਰ ਦੀ ਖਿਚਾਈ

ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਸੁਣਵਾਈ ਕੀਤੀ।

ਸ਼ਿੰਦੇ ਗਰੁੱਪ ਦੇ 16 ਵਿਧਾਇਕਾਂ ਨੂੰ ਅਯੋਗ ਠਹਿਰਾਉਣ ਦੀ ਪਟੀਸ਼ਨ ਊਧਵ ਠਾਕਰੇ ਗਰੁੱਪ ਦੇ ਆਗੂ ਸੁਨੀਲ ਪ੍ਰਭੂ ਨੇ ਦਾਇਰ ਕੀਤੀ ਹੈ। ਸ਼ਿਵ ਸੈਨਾ ਆਗੂ ਏਕਨਾਥ ਸ਼ਿੰਦੇ ਨੇ ਜੂਨ 2022 ਵਿਚ ਪਾਰਟੀ ਤੋਂ ਬਗਾਵਤ ਕਰਕੇ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਈ ਸੀ ਤੇ ਮੁੱਖ ਮੰਤਰੀ ਬਣੇ ਸਨ। ਸ਼ਿੰਦੇ ਨੇ ਸ਼ਿਵ ਸੈਨਾ 'ਤੇ ਦਾਅਵਾ ਕੀਤਾ ਸੀ। 16 ਫਰਵਰੀ 2023 ਨੂੰ ਚੋਣ ਕਮਿਸ਼ਨ ਨੇ ਸ਼ਿੰਦੇ ਗਰੁੱਪ ਨੂੰ ਅਸਲੀ ਸ਼ਿਵ ਸੈਨਾ ਮੰਨ ਲਿਆ ਤੇ ਪਾਰਟੀ ਦਾ ਨਾਂਅ ਤੇ ਨਿਸ਼ਾਨ (ਤੀਰ-ਕਮਾਨ) ਦੇ ਦਿੱਤਾ ਸੀ। ਊਧਵ ਧੜੇ ਨੇ ਇਸ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕਰ ਦਿੱਤਾ ਸੀ। ਸ਼ਿੰਦੇ ਗਰੁੱਪ ਦੇ ਬਾਗੀ 16 ਵਿਧਾਇਕਾਂ ਦੀ ਅਯੋਗਤਾ ਬਾਰੇ ਫੈਸਲਾ ਕਰੀਬ ਚਾਰ ਮਹੀਨੇ ਪਹਿਲਾਂ ਸਪੀਕਰ 'ਤੇ ਛੱਡ ਦਿੱਤਾ ਸੀ। ਸੁਨੀਲ ਪ੍ਰਭੂ ਨੇ ਇਸ 'ਤੇ ਮੁੜ ਵਿਚਾਰ ਦੀ ਅਪੀਲ ਕੀਤੀ ਸੀ। ਸਪੀਕਰ ਰਾਹੁਲ ਨਾਰਵੇਕਰ ਦੇ ਦੋਹਾਂ ਗਰੁੱਪਾਂ ਵੱਲੋਂ ਇਕ-ਦੂਜੇ ਦੇ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ 'ਤੇ 14 ਸਤੰਬਰ ਨੂੰ ਸੁਣਵਾਈ ਕੀਤੀ ਸੀ।

ਇਸ ਦੇ ਬਾਅਦ ਸ਼ਿੰਦੇ ਗਰੁੱਪ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਨੂੰ ਊਧਵ ਗਰੁੱਪ ਵੱਲੋਂ ਦਿੱਤੇ ਦਸਤਾਵੇਜ਼ ਨਹੀਂ ਮਿਲੇ। ਠਾਕਰੇ ਗਰੁੱਪ ਦੇ ਵਿਧਾਇਕ ਰਵਿੰਦਰ ਵਾਇਕਰ ਨੇ ਕਿਹਾ ਕਿ ਇਹ ਸ਼ਿੰਦੇ ਗਰੁੱਪ ਦੀ ਮਾਮਲਾ ਟਾਲਣ ਦੀ ਰਣਨੀਤੀ ਦਾ ਹਿੱਸਾ ਹੈ। ਦਸਤਾਵੇਜ਼ ਸਪੀਕਰ ਕੋਲ ਹਨ ਤੇ ਉਨ੍ਹਾ ਮੁਹੱਈਆ ਕਰਾਉਣੇ ਹਨ। ਉਨ੍ਹਾ ਕਿਹਾ ਕਿ ਮਾਮਲੇ ਵਿਚ 34 ਪਟੀਸ਼ਨਾਂ ਹਨ ਤੇ ਸਭ ਨੂੰ ਜੋੜ ਕੇ ਸੁਣਿਆ ਜਾਵੇ।

ਲਖੀਮਪੁਰ-ਖੀਰੀ ਮਾਮਲੇ ਦੀ ਸਿੱਟ ਨੂੰ ਕੀਤਾ ਭਾਰ ਮੁਕਤ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੂੰ ਸੋਮਵਾਰ ਭਾਰ-ਮੁਕਤ ਕਰਦਿਆਂ ਕਿਹਾ ਕਿ ਉਸ ਨੇ ਜਾਂਚ ਪੂਰੀ ਕਰ ਲਈ ਹੈ ਅਤੇ ਹੇਠਲੀ ਅਦਾਲਤ 'ਚ ਚਾਰਜਸ਼ੀਟ ਦਾਇਰ ਕਰ ਦਿੱਤੀ ਗਈ ਹੈ। ਇਹ ਮਾਮਲਾ 3 ਅਕਤੂਬਰ, 2021 ਦੀ ਹਿੰਸਾ ਨਾਲ ਸੰਬੰਧਤ ਹੈ, ਜਿਸ 'ਚ ਚਾਰ ਕਿਸਾਨਾਂ ਸਮੇਤ ਅੱਠ ਵਿਅਕਤੀ ਮਾਰੇ ਗਏ ਸਨ।

ਜਸਟਿਸ ਸੂਰਿਆ ਕਾਂਤ ਅਤੇ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਜੇ ਐੱਸ ਆਈ ਟੀ ਦੇ ਪੁਨਰਗਠਨ ਦੀ ਲੋੜ ਮਹਿਸੂਸ ਹੋਈ ਤਾਂ ਇਸ ਸੰਬੰਧੀ ਢੁਕਵੇਂ ਹੁਕਮ ਦਿੱਤੇ ਜਾਣਗੇ। ਸੁਪਰੀਮ

19-SEP-PAGE-1.qxd 9/18/2023 10:56 PM Page 2

ਵਿਦਿਆਰਥੀਆਂ ਤੇ ਨਗਰ ਕੌਂਸਲ ਕਰਮਚਾਰੀਆਂ ਵੱਲੋਂ ਸਵੱਛਤਾ ਰੈਲੀ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਵੱਛ ਭਾਰਤ ਮਿਸ਼ਨ ਤਹਿਤ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਗੁਰਪ੍ਰੀਤ ਸਿੰਘ ਥਿੰਦ ਦੇ ਹੁਕਮਾਂ ਅਨੁਸਾਰ ਨਗਰ ਕੌਂਸਲ ਸਮਾਣਾ ਵਿਖੇ ਇੰਡੀਅਨ ਸਵੱਛਤਾ ਲੀਗ-2 ਮਨਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਤੇ ਨਗਰ ਕੌਂਸਲ ਸਮਾਣਾ ਦੇ ਕਰਮਚਾਰੀਆਂ ਵੱਲੋਂ ਸ਼ਹਿਰ ਵਿੱਚ ਸਵੱਛਤਾ ਰੈਲੀ ਕੱਢੀ ਗਈ। ਇਸ ਰੈਲੀ ਵਿੱਚ ਸ਼ਹਿਰ ਨਿਵਾਸੀਆਂ ਨੂੰ ਆਪਣਾ ਆਲਾ ਦੁਆਲਾ ਸਾਫ ਰੱਖਣ ਤੇ ਸ਼ਹਿਰ ਨੂੰ ਪਲਾਸਟਿਕ ਮੁਕਤ ਰੱਖਣ ਦੀ ਅਪੀਲ ਕੀਤੀ ਗਈ। ਇਸ ਮੌਕੇ ਕਾਰਜ ਸਾਧਕ ਅਫਸਰ ਸ੍ਰੀ ਬਰਜਿੰਦਰ ਸਿੰਘ ਵੱਲੋਂ ਰੈਲੀ ਵਿੱਚ ਸ਼ਾਮਲ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੂੰ ਸੋਰਸ ਸੈਗਰੀਗੇਸ਼ਨ ਦੀ ਮਹੱਤਤਾ ਬਾਰੇ, ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਬਾਰੇ ਵੀ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸ੍ਰੀ ਜਗਦੀਪ ਸਿੰਘ ਜੂਨੀਅਰ ਇੰਜੀਨੀਅਰ, ਸੈਨੇਟਰੀ ਇੰਸਪੈਕਟਰ ਸ੍ਰੀ ਬੌਬੀ ਕੁਮਾਰ, ਸੈਨੇਟਰੀ ਇੰਸਪੈਕਟਰ ਸ੍ਰੀ ਹਰਵਿੰਦਰ ਕੁਮਾਰ, ਸੀ ਐੱਚ ਸ੍ਰੀ ਕਰਮਜੀਤ ਸਿੰਘ, ਜੂਨੀਅਰ ਸਹਾਇਕ ਸ੍ਰੀ ਅਸ਼ੋਕ ਕੁਮਾਰ, ਮਾਸਟਰ ਸ੍ਰੀ ਸੁਸ਼ੀਲ ਕੁਮਾਰ, ਸ੍ਰੀ ਸੰਜੀਵ ਕੁਮਾਰ ਆਦਿ ਹਾਜ਼ਰ ਸਨ।

ਮੋਰਚੇ ਦੀ ਸੂਬਾ ਪੱਧਰੀ ਰੈਲੀ ਦੀ ਤਿਆਰੀ ਸੰਬੰਧੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-3 ਅਕਤੂਬਰ 2023 ਨੂੰ "ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ)" ਦੇ ਬੈਨਰ ਹੇਠ ਸੰਗਰੂਰ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਦੀ ਤਿਆਰੀ ਸਬੰਧੀ ਜਲ ਸਪਲਾਈ ਦੇ ਦਫ਼ਤਰ ਫ਼ਿਰੋਜ਼ਪੁਰ ਵਿੱਚ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. ਨੰਬਰ 31) ਜ਼ਿਲ੍ਹਾ ਫਿਰੋਜ਼ਪੁਰ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਜਲ ਸਪਲਾਈ ਵਰਕਰਾਂ ਨੂੰ ਪਰਿਵਾਰ ਸਮੇਤ ਸ਼ਾਮਲ ਹੋਣ ਲਈ ਲਾਮਬੰਦ ਕੀਤਾ ਗਿਆ।ਇਸ ਦੇ ਨਾਲ ਹੀ ਜਲ ਸਪਲਾਈ ਸਕੀਮਾਂ ਤੇ ਸਕਾਡਾ ਸਿਸਟਮ ਲਗਾਉਣ ਖਿਲਾਫ ਵਿਰੋਧ ਪ੍ਰਦਰਸ਼ਨ ਕਰਨ ਦਾ ਵੀ ਫੈਸਲਾ ਕੀਤਾ ਗਿਆ।ਇਸ ਮੀਟਿੰਗ ਵਿੱਚ ਸੂਬਾ ਆਗੂ ਰੁਪਿੰਦਰ ਸਿੰਘ, ਜ਼ਿਲ੍ਹਾ ਪ੍ਰੈਸ ਸਕੱਤਰ ਰਣਜੀਤ ਸਿੰਘ ਖਾਲਸਾ, ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ, ਜਿਸ ਵਿੱਚ ਵਰਕਰਾਂ ਨੂੰ ਸੰਗਰੂਰ ਵਿੱਚ ਸੂਬਾ ਪੱਧਰੀ ਰੈਲੀ ਵਿੱਚ ਪਰਿਵਾਰਾਂ ਤੇ ਬੱਚਿਆਂ ਸਮੇਤ ਪੂਰੀ ਤਿਆਰੀ ਨਾਲ ਪਹੁੰਚਣ ਵਾਸਤੇ ਲਾਮਬੰਦ ਕੀਤਾ ਗਿਆ।ਇਸ ਰੈਲੀ ਵਿੱਚ ਯੂਨੀਅਨ ਦਾ ਝੰਡਾ ਬੈਚ ਬਸੰਤੀ ਰੰਗ ਵਿੱਚ ਸਜ ਕੇ ਪਹੁੰਚਣ ਵਾਸਤੇ ਲਾਮਬੰਦ ਕੀਤਾ ਗਿਆ।ਵਰਕਰਾਂ ਨੇ ਕਿਹਾ ਕਿ ਪੂਰੇ ਜ਼ਿਲ੍ਹੇ ਵਿੱਚੋਂ ਵਰਕਰ ਪਰਵਾਰਾਂ ਤੇ ਬੱਚਿਆਂ ਨੂੰ ਲੈ ਕੇ ਪਹੁੰਚਣਗੇ।ਇਸ ਮੀਟਿੰਗ ਵਿੱਚ ਦਫ਼ਤਰੀ ਸਟਾਫ ਤੋਂ ਸੂਬਾ ਆਗੂ ਰੁਪਿੰਦਰ ਕੁਮਾਰ ਤੇ ਤਜਿੰਦਰ ਸਿੰਘ ਆਦਿ ਆਗੂਆਂ ਨੇ ਸ਼ਿਰਕਤ ਕੀਤੀ।ਇਸ ਦੌਰਾਨ ਪ੍ਰੈਸ ਸਕੱਤਰ ਰਣਜੀਤ ਸਿੰਘ ਖਾਲਸਾ, ਹਰਜਿੰਦਰ ਸਿੰਘ ਜਰਨਲ ਸਕੱਤਰ, ਬਲਜੀਤ ਸਿੰਘ ਸਰਕਲ ਪ੍ਰਧਾਨ, ਵੀਰ ਸਿੰਘ, ਨਿਸ਼ਾਨ ਸਿੰਘ, ਸੰਤੋਖ ਸਿੰਘ, ਨੈਬ ਸਿੰਘ, ਸੁਰਜੀਤ ਸਿੰਘ, ਬਲਜਿੰਦਰ ਸਿੰਘ ਆਦਿ ਆਗੂ ਵਰਕਰ ਹਾਜ਼ਰ ਸਨ।

ਅਮਨ ਅਰੋੜਾ ਵੱਲੋਂ ਮਾਤਾ ਕਮਲੇਸ਼ ਰਾਣੀ ਨੂੰ ਸ਼ਰਧਾ ਦੇ ਫੁੱਲ ਭੇਟ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਕੈਬਿਨਟ ਮੰਤਰੀ ਪੰਜਾਬ ਅਮਨ ਅਰੋੜਾ ਰਾਮੁਪਰਾ ਬ੍ਰਾਹਮਣ ਸਭਾ ਵਿਖੇ ਪਹੁੰਚੇ। ਅਮਨ ਅਰੋੜਾ ਨੇ ਆਪਣੇ ਨਿੱਜੀ ਸਹਾਇਕ ਸਰਜੀਵਨ ਦੀ ਸੱਸ ਮਾਤਾ ਸਵ: ਕਮਲੇਸ਼ ਰਾਣੀ ਦੇ ਭੋਗ ਮੌਕੇ ਉਨ੍ਹਾਂ ਨੂੰ ਨਮ ਅੱਖਾਂ ਨਾਲ ਸ਼ਰਧਾਂਜਲੀ ਭੇਟ ਕਰਦਿਆਂ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਕੈਬਿਨਟ ਮੰਤਰੀ ਅਮਨ ਅਰੋੜਾ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਜ਼ਿੰਦਗੀ ਇੱਕ ਆਉਣ-ਜਾਣ ਦਾ ਮੇਲਾ ਹੈ। ਇੱਥੇ ਹਰ ਇੱਕ ਇਨਸਾਨ ਨੇ ਆਪੋ-ਆਪਣਾ ਸਮਾਂ ਭੋਗ ਕੇ ਪ੍ਰਮਾਤਮਾ ਦੇ ਪਵਿੱਤਰ ਚਰਨਾਂ 'ਚ ਜਾ ਬਿਰਾਜਣਾ ਹੈ। ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਓਮ ਪ੍ਰਕਾਸ਼, ਡੀ.ਐਸ.ਪੀ ਰਾਮਪੁਰਾ ਮੋਹਿਤ ਅਗਰਵਾਲ, ਰਵੀ ਕਾਂਤ, ਰਾਕੇਸ਼ ਕੁਮਾਰ, ਸਰਜੀਵਨ, ਅਰੁਣ ਕੁਮਾਰ, ਅਜੈ ਕੁਮਾਰ, ਗਗਨਦੀਪ ਤੋਂ ਇਲਾਵਾ ਤੋਂ ਇਲਾਵਾ ਸਵ: ਮਾਤਾ ਕਮਲੇਸ਼ ਰਾਣੀ ਦਾ ਸਮੂਹ ਪਰਵਾਰ, ਰਿਸ਼ਤੇਦਾਰ, ਸਕੇ-ਸਬੰਧੀ, ਸੰਗਤਾਂ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਆਦਿ ਹਾਜ਼ਰ ਸਨ।

ਖੇਤੀ ਮਸ਼ੀਨਾਂ ਸਬਸਿਡੀ 'ਤੇ ਮੁਹੱਈਆ ਕਰਾਉਣ ਲਈ ਡਰਾਅ ਕੱਢੇ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਵਾਲੀਆਂ ਮਸ਼ੀਨਾਂ 'ਤੇ ਸਬਸਿਡੀ ਦੇਣ ਲਈ ਪ੍ਰਾਪਤ ਅਰਜ਼ੀਆਂ 'ਚੋਂ ਡ੍ਰਾਅ ਰਾਹੀਂ ਲਾਭਪਾਤਰੀ ਕਿਸਾਨਾਂ ਦੀ ਚੋਣ ਕੀਤੀ ਗਈ। ਇਹ ਡ੍ਰਾਅ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਦੀ ਰਹਿਨੁਮਾਈ ਹੇਠ ਕੱਢੇ ਗਏ। ਇਸ ਮੌਕੇ ਡਿਪਟੀ ਕਮਿਸਨਰ ਡਾ. ਸੇਨੂ ਦੁੱਗਲ ਨੇ ਸਫ਼ਲ ਕਿਸਾਨਾਂ ਨੂੰ ਵਧਾਈ ਦਿੰਦਿਆਂ ਅਪੀਲ ਕੀਤੀ ਕਿ ਉਹ ਛੇਤੀ ਤੋਂ ਛੇਤੀ ਆਪਣੀਆਂ ਮਸ਼ੀਨਾਂ ਦੀ ਖਰੀਦ ਕਰਨ ਤਾਂ ਜੁ ਅਗਾਮੀ ਸੀਜਨ ਦੌਰਾਨ ਝੋਨੇ ਦੀ ਪਰਾਲੀ ਦੀ ਸੰਭਾਲ ਇਨ੍ਹਾਂ ਮਸ਼ੀਨਾਂ ਨਾਲ ਕੀਤੀ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 947 ਵਿਅਕਤੀਗਤ ਕਿਸਾਨਾਂ ਨੂੰ ਮਸ਼ੀਨਾਂ ਮੁਹੱਈਆ ਕਰਾਉਣ ਲਈ ਉਨ੍ਹਾਂ ਦੀ ਚੋਣ ਕੀਤੀ ਗਈ ਹੈ, ਜਦਕਿ ਇਸ ਤੋਂ ਬਿਨਾਂ 32 ਗ੍ਰਾਮ ਪੰਚਾਇਤਾਂ, 16 ਸਹਿਕਾਰੀ ਸਭਾਵਾਂ ਤੇ 15 ਐਸਸੀ ਕਿਸਾਨ ਸਮੂਹਾਂ ਦੀ ਚੋਣ ਵੀ ਮਸ਼ੀਨਾਂ 'ਤੇ ਸਬਸਿਡੀ ਦੇਣ ਲਈ ਕੀਤੀ ਗਈ ਹੈ। ਮੁੱਖ ਖੇਤੀਬਾੜੀ ਅਫ਼ਸਰ ਗੁਰਮੀਤ ਸਿੰਘ ਚੀਮਾ ਨੇ ਕਿਹਾ ਕਿ ਸਫ਼ਲ ਹੋਏ ਕਿਸਾਨਾਂ ਦੀਆਂ ਸੂਚੀਆਂ ਬਲਾਕ ਖੇਤੀਬਾੜੀ ਦਫ਼ਤਰਾਂ ਵਿਚ ਵੇਖੀਆਂ ਜਾ ਸਕਦੀਆਂ ਹਨ ਜਾਂ ਕਿਸਾਨ ਜਿਸ ਪੋਰਟਲ 'ਤੇ ਆਨਲਾਈਨ ਅਪਲਾਈ ਕੀਤਾ ਸੀ, ਉਸੇ ਪੋਰਟਲ 'ਤੇ ਆਪਣੀ ਯੂਜਰ ਆਈਡੀ ਨਾਲ ਲਾਗਇਨ ਕਰਕੇ ਇਹ ਪਤਾ ਲਾ ਸਕਦੇ ਹਨ ਕਿ ਉਨ੍ਹਾਂ ਦੇ ਨਾਂਅ ਦਾ ਡਰਾਅ ਨਿਕਲਿਆ ਹੈ ਜਾਂ ਨਹੀਂ।

ਮਾਪਦੰਡ ਪੂਰੇ ਨਾ ਕਰਨ ਵਾਲੇ ਦੁਕਾਨਦਾਰਾਂ 'ਤੇ ਹੋਵੇਗੀ ਸਖਤ ਕਾਨੂੰਨੀ ਕਾਰਵਾਈ

ਮੋਗਾ (ਅਮਰਜੀਤ ਬੱਬਰੀ)-ਤਿਉਹਾਰਾਂ ਦੇ ਸੀਜ਼ਨ ਕਰਕੇ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹੇ ਵਿੱਚ ਫੂਡ ਸੇਫ਼ਟੀ ਐਕਟ-2006 ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ। ਸਿਹਤ ਵਿਭਾਗ ਤੇ ਫੂਡ ਸਪਲਾਈ ਵਿਭਾਗ ਰਲ ਕੇ ਇਸ ਸਬੰਧੀ ਹੁਣੇ ਤੋਂ ਹੀ ਚੈਕਿੰਗਾਂ ਕਰਨ ਨੂੰ ਯਕੀਨੀ ਬਣਾਉਣ। ਐਕਟ ਦੀ ਉਲੰਘਣਾ ਕਰਨ ਵਾਲੇ ਮਠਿਆਈ ਵਿਕਰੇਤਾਵਾਂ, ਦੁਕਾਨਾਂਦਾਰਾਂ ਅਤੇ ਰੇਹੜੀ ਫੜ੍ਹੀ ਵਾਲਿਆਂ ਵਿਰੁੱਧ ਜ਼ਿਲ੍ਹਾ ਪ੍ਰਸ਼ਾਸ਼ਨ ਮੋਗਾ ਸਖਤ ਕਾਰਵਾਈ ਕਰੇਗਾ ਲੋਕਾਂ ਦੀ ਸਿਹਤ ਨਾਲ ਖਿਲਵਾੜ ਬਿਲਕੁਲ ਵੀ ਬਰਦਾਸ਼ਤ ਨਹੀਂ ਹੋਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜ) ਮੋਗਾ ਡਾ. ਨਿਧੀ ਕਮੁਦ ਬਾਂਬਾ ਵੱਲੋਂ ਫੂਡ ਸੇਫਟੀ ਦੀ ਜ਼ਿਲ੍ਹਾ ਪੱਧਰੀ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਕਰਨ ਮੌਕੇ ਕੀਤਾ। ਇਸ ਮੀਟਿੰਗ ਵਿੱਚ ਹੋਟਲ ਮਾਲਕਾਂ, ਰੈਸਟੋਰੈਂਟ ਮਾਲਕਾਂ, ਦੁਕਾਨਦਾਰਾਂ ਅਤੇ ਹੋਰ ਮਠਿਆਈਆਂ ਨਾਲ ਸਬੰਧਤ ਫਰਮਾਂ ਨੂੰ ਬੁਲਾਇਆ ਗਿਆ। ਉਨ੍ਹਾਂ ਸਮੂਹ ਹੋਟਲਾਂ, ਰੈਸਟੋਰੈਂਟਾਂ, ਮਠਿਆਈ ਦੀਆਂ ਦੁਕਾਨਾਂ ਆਦਿ ਦੇ ਮਾਲਕਾਂ ਨੂੰ ਹਦਾਇਤ ਕੀਤੀ ਕਿ ਉਹ ਆਪਣਾ ਫੂਡ ਸੇਫਟੀ ਲਾਇਸੰਸ ਜਿੰਨੀ ਜਲਦੀ ਹੋ ਸਕੇ ਅਪਲਾਈ ਕਰਨ। ਉਨ੍ਹਾਂ ਪੈਕਿੰਗ ਕਰਨ, ਮਾਲ ਤਿਆਰ ਕਰਨ ਵਾਲੀਆਂ ਫਰਮਾਂ ਨੂੰ ਵੀ ਆਦੇਸ਼ ਜਾਰੀ ਕੀਤੇ ਕਿ ਉਹ ਆਪਣੇ ਉਤਪਾਦਾਂ ਦੀ ਟੈਸਟ ਰਿਪੋਰਟ ਕਰਾ ਕੇ ਫੂਡ ਸੇਫਟੀ ਦੀ ਵੈਬਸਾਈਟ ਉੱਪਰ ਅਪਲੋਡ ਕਰਨੀ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਖਾਣ ਪੀਣ ਦੀਆਂ ਵਸਤੂਆਂ ਨੂੰ ਢੱਕਣ ਅਤੇ ਰੈਪ ਕਰਨ ਵਿੱਚ ਅਖ਼ਬਾਰ ਦੀ ਵਰਤੋਂ ਬਿਲਕੁਲ ਵੀ ਨਾ ਕੀਤੀ ਜਾਵੇ। ਵਧੀਕ ਡਿਪਟੀ ਕਮਿਸ਼ਨਰ ਡਾ. ਨਿਧੀ ਕਮੁਦ ਬਾਂਬਾ ਵੱਲੋਂ ਸਬੰਧਤ ਵਿਭਾਗਾਂ ਨੂੰ ਆਪਣੀਆਂ ਚੈਕਿੰਗਾਂ ਤੇਜ਼ ਕਰਨ ਦੇ ਸਖਤ ਦਿਸ਼ਾ ਨਿਰਦੇਸ਼ ਜਾਰੀ ਕੀਤੇ ਅਤੇ ਮਠਿਆਈ ਵਿਕਰੇਤਾਵਾਂ, ਦੁਕਾਨਦਾਰਾਂ, ਰੇਹੜੀ ਫੜ੍ਹੀ ਵਾਲਿਆਂ ਨੂੰ ਵੀ ਹਦਾਇਤ ਕੀਤੀ ਕਿ ਉਹ ਕਿਸੇ ਵੀ ਕਾਨੂੰਨੀ ਕਾਰਵਾਈ ਵਿੱਚ ਫਸਣ ਤੋਂ ਬਚਣ ਲਈ ਫੂਡ ਸੇਫ਼ਟੀ ਐਕਟ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣ।

ਸਵੱਛਤਾ ਅਭਿਆਨ ਤਹਿਤ ਜਾਗਰੂਕਤਾ ਰੈਲੀ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਨਗਰ ਕੌਂਸਲ ਅਮਲੋਹ ਵੱਲੋਂ ਇਲਾਕੇ ਨੂੰ ਕੂੜਾ ਮੁਕਤ ਕਰਨ ਲਈ ਆਰੰਭੇ ਸਵੱਛਤਾ ਅਭਿਆਨ ਤਹਿਤ ਸਰਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਅਮਲੋਹ ਦੇ ਸਹਿਯੋਗ ਨਾਲ ਇੱਕ ਰੈਲੀ ਕੱਢੀ ਗਈ। ਇਸ ਮੌਕੇ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਬਲਜਿੰਦਰ ਸਿੰਘ ਨੇ ਕਿਹਾ ਕਿ ਸ਼ਹਿਰ ਨੂੰ ਕੂੜਾ ਰਹਿਤ ਕਰਨ, ਸਾਫ ਸੁਥਰਾ ਰੱਖਣ ਲਈ ਸ਼ਹਿਰ ਵਾਸੀਆਂ ਨੂੰ ਡਸਟਬਿਨ ਦੀ ਵਰਤੋਂ ਕਰਨ ਤੇ ਪਲਾਸਟਿਕ ਦੀ ਵਰਤੋਂ ਨਾ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਵੱਛਤਾ ਅਭਿਆਨ ਵਿੱਚ ਲੋਕਾਂ ਦਾ ਵੀ ਸਹਿਯੋਗ ਜ਼ਰੂਰੀ ਹੈ ਤਾਂ ਹੀ ਅਸੀਂ ਆਪਣੇ ਸ਼ਹਿਰ ਨੂੰ ਕੂੜਾ ਮੁਕਤ ਕਰ ਸਕਾਂਗੇ। ਉਨ੍ਹਾਂ ਕਿਹਾ ਕਿ ਸਾਨੂੰ ਪਲਾਸਟਿਕ ਦੀ ਵਰਤੋਂ ਦੀ ਥਾਂ ਲੋਕਾਂ ਨੂੰ ਕੱਪੜੇ ਤੋਂ ਬਣੇ ਥੈਲੇ ਵਰਤਣੇ ਚਾਹੀਦੇ ਹਨ ਅਤੇ ਗਿੱਲੇ, ਸੁੱਕੇ ਕੂੜੇ ਲਈ ਵੱਖੋ ਵੱਖਰੇ ਡਸਟਬਿਨ ਲਗਾਉਣੇ ਚਾਹੀਦੇ ਹਨ। ਇਸ ਮੌਕੇ ਮਾਸਟਰ ਧਰਮ ਸਿੰਘ ਰਾਈਏਵਾਲ, ਬਲਵੀਰ ਸਿੰਘ ਗਗਨਦੀਪ ਗੁਪਤਾ, ਅਨੂਪ ਕੌਰ ਤੇ ਸਟਾਫ ਮੈਂਬਰ ਮੌਜੂਦ ਸਨ।

ਕੋਟਕਪੂਰਾ-ਮੋਗਾ ਰੇਲਵੇ ਲਾਈਨ ਦਾ ਸਰਵੇ ਹੋਣ ਦੇ ਬਾਵਜੂਦ ਨਹੀਂ ਪੈ ਸਕੀ ਰੇਲਵੇ ਲਾਈਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)

ਨਾਰਦਰਨ ਪੈਸੰਜਰ ਰੇਲਵੇ ਸਮਿਤੀ ਦੇ ਪ੍ਰਧਾਨ ਵਿਨੋਦ ਕੁਮਾਰ ਭਵਨੀਆਂ ਤੇ ਜਨਰਲ ਸਕੱਤਰ ਸ਼ਾਮ ਲਾਲ ਗੋਇਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੇਲਵੇ ਮੰਤਰੀ, ਚੇਅਰਮੈਨ ਰੇਲਵੇ ਬੋਰਡ ਤੇ ਹੋਰ ਰੇਲਵੇ ਦੇ ਅਧਿਕਾਰੀਆਂ ਦੇ ਨਾਲ ਹੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕੋਟਕਪੂਰਾ ਤੋਂ ਮੋਗਾ ਤੱਕ ਨਵੀਂ ਰੇਲਵੇ ਲਾਈਨ ਵਿਛਾਈ ਜਾਵੇ ਤਾਂ ਜੁ ਫਾਜ਼ਿਲਕਾ ਮੁਕਤਸਰ, ਫਰੀਦਕੋਟ-ਕੋਟਕਪੂਰਾ, ਲੁਧਿਆਣਾ-ਚੰਡੀਗੜ੍ਹ ਤੇ ਹੋਰ ਸ਼ਹਿਰਾਂ ਤੱਕ ਰੇਲ ਗੱਡੀਆਂ ਰਾਹੀਂ ਆ ਜਾ ਸਕਣ। ਅਜ਼ਾਦੀ ਤੋਂ ਪਹਿਲਾਂ ਸਾਰੇ ਪੰਜਾਬ ਦੀ ਰਾਜਧਾਨੀ ਲਾਹੌਰ ਸੀ ਅਤੇ ਅੰਗਰੇਜ ਸਰਕਾਰ ਨੇ ਹਰ ਸ਼ਹਿਰ ਨੂੰ ਲਾਹੌਰ ਨਾਲ ਰੇਲਵੇ ਰਾਹੀਂ ਜੋੜਿਆ ਸੀ। ਅਜ਼ਾਦੀ ਤੋਂ ਬਾਅਦ ਪੂਰਬੀ ਪੰਜਾਬ ਭਾਰਤ ਦੇ ਹਿੱਸੇ ਆ ਗਿਆ ਤਾਂ ਪੰਜਾਬ ਦੀ ਕੋਈ ਰਾਜਧਾਨੀ ਨਹੀਂ ਰਹੀ, ਜੋ ਕਾਫ਼ੀ ਸਮਾਂ ਬਾਅਦ ਚੰਡੀਗੜ੍ਹ ਸ਼ਹਿਰ ਵਸਾ ਕੇ ਬਣਾਈ ਗਈ। ਪ੍ਰੰਤੂ ਚੰਡੀਗੜ੍ਹ ਨੂੰ ਪੰਜਾਬ ਦੇ ਹੋਰ ਸ਼ਹਿਰਾਂ ਨਾਲ ਰੇਲਵੇ ਲਿੰਕ ਕਰਨ ਲਈ ਨਾ ਭਾਰਤ ਸਰਕਾਰ ਨੇ ਅਤੇ ਨਾ ਪੰਜਾਬ ਸਰਕਾਰ ਨੇ ਕੋਈ ਕੋਸ਼ਿਸ਼ ਕੀਤੀ, ਜਿਸ ਦੇ ਫ਼ਲਸਰੂਪ ਜ਼ਿਲਾ ਹੈਡ ਕੁਆਰਟਰਾਂ ਫਾਜ਼ਿਲਕਾ-ਸ੍ਰੀ ਮੁਕਤਸਰ ਸਾਹਿਬ-ਫ਼ਰੀਦਕੋਟ ਦੇ ਲੋਕਾਂ ਦਾ ਚੰਡੀਗੜ੍ਹ ਜਾਣ ਵਾਸਤੇ ਰੇਲਵੇ ਲਿੰਕ ਨਹੀਂ ਹੈ, ਜਿਸ ਕਾਰਨ ਰੇਲਵੇ ਵਿਭਾਗ ਤੋਂ ਦੋ ਦਸ਼ਕ ਤੋਂ ਕੋਟਕਪੂਰਾ-ਮੋਗਾ ਨਵੀਂ ਰੇਲਵੇ ਲਾਈਨ ਵਿਛਾਉਣ ਦੀ ਮੰਗ ਕਰਦੇ ਆ ਰਹੇ ਹਾਂ। ਰੇਲਵੇ ਨੇ 2017 ਵਿਚ ਸਰਵੇ ਕਰਾ ਕੇ ਸਰਵੇ ਰਿਪੋਰਟ 20 ਮਾਰਚ 2017 ਨੂੰ ਰੇਲਵੇ ਬੋਰਡ ਕੋਲ ਭੇਜੀ ਹੈ। ਕੋਟਕਪੂਰਾ-ਮੋਗਾ ਦਾ ਫਾਸਲਾ 51.5 ਕਿਲੋਮੀਟਰ ਹੈ, ਪਰ ਰੇਲਵੇ ਨਵੀਂ ਲਾਈਨ ਦਾ ਕੰਮ ਗਿਆਨੀ ਜੈਲ ਸਿੰਘ ਸਟੇਸ਼ਨ ਸੰਧਵਾਂ ਤੋਂ ਮੋਗਾ ਤੱਕ ਪੈਣੀ ਹੈ, ਜਿਸ ਦੀ ਲੰਬਾਈ 45 ਕਿਲੋਮੀਟਰ ਹੈ, ਜਿਸ 'ਤੇ 650 ਕਰੋੜ ਰੁਪਏ ਖਰਚ ਆਉਣਾ ਹੈ, ਪੰਤੂ ਰੇਲਵੇ ਵਿਭਾਗ ਨੇ ਹੁਣ ਤੱਕ ਇਸ ਸਰਵੇ ਰਿਪਰਟ ਤੋਂ ਅੱਗੇ ਕੋਈ ਕਾਰਵਾਈ ਨਹੀਂ ਕੀਤੀ। ਜ਼ਿਲ੍ਹਾ ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ ਦੇ ਲੋਕ ਰੇਲ ਰਾਹੀਂ ਲੁਧਿਆਣਾ ਚੰਡੀਗੜ੍ਹ ਜਾਣ ਨੂੰ ਤਰਸ ਰਹੇ ਹਨ। ਇਹ ਰੇਲਵੇ ਲਾਈਨ ਪੈਣ ਨਾਲ ਪਿੰਡ ਸੰਧਵਾਂ, ਔਲਖ, ਬਾਘਾ ਪੁਰਾਣਾ, ਸਿੰਘਾਂਵਾਲਾ ਦੇ ਲੋਕ ਵੀ ਸਹੂਲਤ ਪ੍ਰਾਪਤ ਕਰ ਸਕਣਗੇ। ਫ਼ਾਜ਼ਿਲਕਾ ਤੇ ਸ੍ਰੀ ਮੁਕਤਸਰ ਸਾਹਿਬ

19-Sep-PAGE-3.qxd 9/18/2023 10:59 PM Page 1

ਟੀ ਐੱਸ ਯੂ ਦੇ ਸੂਬਾਈ ਧਰਨੇ 'ਚ ਕਿਸਾਨ/ਮੁਲਾਜ਼ਮ ਜਥੇਬੰਦੀਆਂ ਵੱਲੋਂ ਭਰਵੀਂ ਸ਼ਮੂਲੀਅਤ ਦਾ ਐਲਾਨ

ਮਜੀਠਾ (ਸੋਇਮ ਆਨੰਦ)-ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ 21 ਸਤੰਬਰ ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਹਲਕੇ ਜੇਡਿਆਲਾ ਗੁਰੂ ਵਿਖੇ ਦਿੱਤੇ ਜਾ ਰਹੇ ਸੂਬਾਈ ਧਰਨੇ ਸਬੰਧੀ ਕਿਸਾਨ, ਮੁਲਾਜ਼ਮ ਜਥੇਬੰਦੀਆਂ ਦੀ ਮੀਟਿੰਗ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਜੇਠੂਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਟੀਐੱਸਯੂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਵੇਰਕਾ ਮਿਲਕ ਪਲਾਂਟ ਠੇਕਾ ਮੁਲਾਜ਼ਮ ਯੂਨੀਅਨ, ਜਲ ਸਪਲਾਈ ਠੇਕਾ ਮੁਲਾਜ਼ਮ ਯੂਨੀਅਨ ਦੇ ਆਗੂ ਹਾਜ਼ਰ ਸਨ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ ਪਰ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਮੰਗਾਂ ਮੰਨਣ ਤੋਂ ਟਾਲਾ ਵੱਟਿਆ ਹੋਇਆ ਹੈ। ਬਿਜਲੀ ਕਾਮਿਆਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਪਟਿਆਲਾ ਸਰਕਲ ਦੇ ਡਿਸਮਿਸ ਕੀਤੇ ਆਗੂਆਂ ਨੂੰ ਬਹਾਲ ਕਰਨ ਦਾ ਲਿਖਤੀ ਭਰੋਸਾ ਦੇਣ ਦੇ ਬਾਵਜੂਦ ਬਹਾਲ ਨਹੀਂ ਕੀਤਾ ਜਾ ਰਿਹਾ, ਮੁਕਤਸਰ ਅਤੇ ਫਰੀਦਕੋਟ ਸਰਕਲ ਦੀਆਂ ਵਿਕਟੇਮਾਈਜੇਸ਼ਨਾਂ ਹੱਲ ਨਹੀਂ ਕੀਤੀਆਂ ਜਾ ਰਹੀਆਂ, ਸੀਆਰਏ 295/19 ਤਹਿਤ ਭਰਤੀ ਕੀਤੇ ਸਹਾਇਕ ਲਾਈਨਮੈਨਾਂ ਨੂੰ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਰੈਗੂਲਰ ਕਰਕੇ ਪੂਰੀ ਤਨਖਾਹ ਜਾਰੀ ਨਹੀਂ ਕੀਤੀ ਜਾ ਰਹੀ, ਮੋਹਾਲੀ ਸਰਕਲ ਪ੍ਰਧਾਨ ਦੀ ਸਿਆਸੀ ਆਧਾਰ ਤੇ ਕੀਤੀ ਬਦਲੀ ਰੱਦ ਨਹੀਂ ਕੀਤੀ ਜਾ ਰਹੀ ਅਤੇ ਮੰਗ ਪੱਤਰ ਵਿੱਚ ਦਰਜ ਹੋਰ ਮੰਗਾਂ ਨੂੰ ਹੱਲ ਨਹੀਂ ਕੀਤਾ ਜਾ ਰਿਹਾ ਜਿਸ ਕਰਕੇ ਬਿਜਲੀ ਕਾਮਿਆਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੀਟਿੰਗ ਵਿੱਚ ਸ਼ਾਮਲ ਜਥੇਬੰਦੀਆਂ ਨੇ ਵਿਸ਼ਵਾਸ ਦਿਵਾਇਆ ਕਿ 21 ਸਤੰਬਰ ਨੂੰ ਬਿਜਲੀ ਮੰਤਰੀ ਦੇ ਹਲਕੇ ਵਿੱਚ ਦਿੱਤੇ ਜਾ ਰਹੇ ਧਰਨੇ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਵਿੱਚ ਸੂਬਾ ਆਗੂ ਮਲਕੀਅਤ ਸਿੰਘ ਸੈਂਸਰਾ, ਸੁਖਪਾਲ ਸਿੰਘ ਮਜੀਠਾ, ਰਘਬੀਰ ਸਿੰਘ ਮਜੀਠਾ, ਬੀਕੇਯੂ ਜਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਲਖਵਿੰਦਰ ਸਿੰਘ ਮੰਜਿਆਂਵਾਲੀ, ਜ਼ਿਲ੍ਹਾ ਅੰਮ੍ਰਿਤਸਰ ਦੇ ਆਗੂ ਕੁਲਬੀਰ ਸਿੰਘ ਜੇਠੂਵਾਲ, ਵੇਰਕਾ ਮਿਲਕ ਪਲਾਂਟ ਦੇ ਆਗੂ ਜਗਦੀਪ ਸਿੰਘ ਨੰਗਲ ਪੰਨੂੰਆਂ, ਜਲ ਸਪਲਾਈ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਜਗੀਰ ਸਿੰਘ ਆਦਿ ਆਗੂ ਹਾਜ਼ਰ ਸਨ।

ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਵਾਲੀਬਾਲ ਮੁਕਾਬਲੇ 'ਚ ਅੱਵਲ ਰਿਹਾ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਬੀਤੇ ਦਿਨੀਂ 67ਵੀਆਂ ਜ਼ੋਨਲ ਖੇਡਾਂ ਸੈਸ਼ਨ 2023-2024 ਜ਼ੋਨਲ ਕਨਵੀਨਰ ਬਲਦੇਵ ਸਿੰਘ ਬਸਰਾ ਦੀ ਯੋਗ ਅਗਵਾਈ ਅਧੀਨ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿੱਚ ਗੋਇੰਦਵਾਲ ਸਾਹਿਬ ਜ਼ੋਨ ਅਧੀਨ ਆਉਂਦੇ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪਰ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀ ਵਾਲੀਬਾਲ ਅੰਡਰ-17 (ਲੜਕੇ) ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਪੂਰੇ ਜ਼ਨ ਵਿੱਚ ਖਿੱਚ ਦਾ ਕੇਂਦਰ ਬਣੇ। ਇਸ ਜਿੱਤ ਦੇ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਯੁਗਰਾਜ ਸਿੰਘ ਅਤੇ ਡਿਪਟੀ ਡੀਈਓ ਗੁਰਬਚਨ ਸਿੰਘ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਕੋਚ ਸੁਖਵਿੰਦਰ ਸਿੰਘ ਦੀ ਵਡਿਆਈ ਕਰਦਿਆਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉੱਚ ਪੱਧਰੀ ਮੁਕਾਬਲਿਆਂ ਦੀ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ।

ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ 'ਆਯੂਸ਼ਮਾਨ ਭਵ' ਯੋਜਨਾ ਸ਼ੁਰੂ

ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)-ਕੇਂਦਰੀ ਅਤੇ ਰਾਜ ਸਿਹਤ ਵਿਭਾਗ ਵਲੋਂ 'ਆਯੂਸ਼ਮਾਨ ਭਵ' ਯੋਜਨਾ ਸ਼ੁਰੂ ਕੀਤੀ ਗਈ ਹੈ ਤਾਂ ਜੋ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾਂਦੀਆਂ ਸਿਹਤ ਸੇਵਾਵਾਂ ਦਾ ਮੁਕੰਮਲ ਲਾਭ ਯਕੀਨੀ ਬਣਾਇਆ ਜਾ ਸਕੇ। ਇਸ ਪ੍ਰੋਗਰਾਮ ਤਹਿਤ ਆਯੂਸ਼ਮਾਨ ਆਪਕੇ ਦਵਾਰ 3.0, ਆਯੂਸ਼ਮਾਨ ਸਭਾ, ਆਯੂਸ਼ਮਾਨ ਮੇਲਾ ਅਤੇ ਆਯੂਸ਼ਮਾਨ ਗ੍ਰਾਮ ਗਤੀਵਿਧੀਆਂ ਕੀਤੀਆਂ ਜਾਣਗੀਆਂ। ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਇਹ ਜਾਣਕਾਰੀ ਸੀਐੱਚਸੀ ਕਾਹਨੂੰਵਾਨ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਨੀਲਮ ਨੇ ਦਿੱਤੀ ਅਤੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਲੋਕਾਂ ਤੱਕ ਸਾਰੀਆਂ ਸਿਹਤ ਸੇਵਾਵਾਂ ਦਾ ਮੁਕੰਮਲ ਲਾਭ ਪਹੁੰਚਾਉਣਾ ਯਕੀਨੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਮਾਨਯੋਗ ਰਾਸ਼ਟਰਪਤੀ ਵੱਲੋਂ ਆਨਲਾਈਨ ਲਾਂਚ ਕੀਤੀ ਗਈ। ਇਸ ਮੁਹਿੰਮ ਅਧੀਨ ਤਿੰਨ ਮੁੱਖ ਭਾਗਾਂ ਨੂੰ ਕਵਰ ਕੀਤਾ ਜਾਣ ਹੈ। ਪਹਿਲਾ ਆਯੂਸ਼ਮਾਨ ਆਪਕੇ ਦਵਾਰ 3.0, ਜਿਸ ਤਹਿਤ ਯੋਗ ਲਾਭਪਤਾਰੀਆਂ ਦੇ ਆਯੂਸ਼ਮਾਨ ਕਾਰਡ ਬਣਾਏ ਜਾਣਗੇ, ਦੂਸਰਾ ਆਯੂਸ਼ਮਾਨ ਮੇਲਾ, ਜਿਸ ਤਹਿਤ ਹਫ਼ਤਾਵਾਰ ਹੈਲਥ ਮੇਲੇ ਲਗਾਏ ਜਾਣਗੇ, ਤੀਸਰਾ ਆਯੂਸ਼ਮਾਨ ਸਭਾ, ਜਿਸ ਤਹਿਤ ਪਿੰਡਾਂ, ਵਾਰਡ, ਕਮੇਟੀਆਂ ਅਤੇ ਸ਼ਹਿਰਾਂ 'ਚ ਜਾਗਰੂਕ ਬੈਠਕਾਂ ਹੋਣਗੀਆਂ ਅਤੇ ਕੈਂਪ ਲਾਏ ਜਾਣਗੇ। ਬੀਈਈ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਦੇ ਨਾਲ-ਨਾਲ 17 ਸਤੰਬਰ ਤੋਂ 2 ਅਕਤੂਬਰ ਤੱਕ ਸੇਵਾ ਪੰਦਰਵਾੜਾ ਮੁਹਿੰਮ ਚਲਾਈ ਜਾਣੀ ਹੈ ਜਿਸ 'ਚ ਸਵੱਛਤਾ ਅਭਿਆਨ, ਅੰਗ ਦਾਨ ਦਾ ਪ੍ਰਣ ਲੈਣਾ ਅਤੇ ਖੂਨਦਾਨ ਕੈਂਪ ਲਾਏ ਜਾਣਗੇ। ਇਸ ਮੌਕੇ ਡਾ. ਰੀਤੂ ਬਾਲਾ, ਡਾ. ਜਗਜੀਤ ਸਿੰਘ, ਡਾ. ਪੂਰਿਨਮਾ, ਡਾ. ਅਨੁਪ੍ਰੀਆ, ਡਾ. ਸੰਪਾ, ਦਲੀਪ ਰਾਜ ਹੈਲਥ ਇੰਸਪੈਕਟਰ, ਮਹਿੰਦਰਪਾਲ, ਐੱਚ. ਆਈ. ਰਣਯੋਧ ਸਿੰਘ, ਲਖਬੀਰ ਸਿੰਘ ਜੋਗਾ ਸਿੰਘ ਮਨਪ੍ਰੀਤ ਸਿੰਘ ਅਤੇ ਸਮੂਹ ਸਟਾਫ ਮੌਜੂਦ ਸੀ।

ਕੱਲ੍ਹਾ ਪਿੰਡ ਦੇ ਲੋਕਾਂ ਸ਼ਹੀਦ ਅਜੈਬ ਸਿੰਘ ਨੂੰ ਕੀਤਾ ਯਾਦ

ਤਰਨਤਾਰਨ (ਪ੍ਰਿਤਪਾਲ ਸਿੰਘ)-ਭਾਜਪਾ ਵੱਲੋਂ ਦੇਸ਼ ਭਰ ਵਿੱਚ ਚਲਾਏ ਜਾ ਰਹੇ ਮੇਰੀ ਮਿੱਟੀ ਮੇਰਾ ਦੇਸ਼ ਪ੍ਰੋਗਰਾਮ ਤਹਿਤ ਹਲਕਾ ਖਡੂਰ ਸਾਹਿਬ ਦੇ ਪਿੰਡ ਕੱਲਾ ਵਿਖੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਸਮਾਗਮ ਕੀਤਾ ਗਿਆ। ਇਸ ਮੌਕੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਸ਼ਹੀਦ ਹੋਏ ਅਜੈਬ ਸਿੰਘ ਦੀ ਯਾਦਗਾਰ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਥੋਂ ਮਿੱਟੀ ਪ੍ਰਾਪਤ ਕੀਤੀ ਗਈ। ਇਸ ਉਪਰੰਤ ਇਕੱਤਰ ਪਿੰਡ ਵਾਸੀਆਂ ਨੂੰ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ, ਸਾਬਕਾ ਚੇਅਰਮੈਨ ਰਣਜੀਤ ਸਿੰਘ, ਜ਼ਿਲਾ ਮੀਤ ਪ੍ਰਧਾਨ ਅਮਰਪਾਲ ਸਿੰਘ ਖਹਿਰਾ, ਜ਼ਿਲਾ ਜਨਰਲ ਸਕੱਤਰ ਸੁਰਜੀਤ ਸਾਗਰ, ਕਿਸਾਨ ਮੋਰਚੇ ਦੇ ਪ੍ਰਧਾਨ ਗੁਰਸਾਹਿਬ ਸਿੰਘ, ਸਰਕਲ ਪ੍ਰਧਾਨ ਹਰਮਨਜੀਤ ਸਿੰਘ ਕੱਲਾ, ਹਰਪ੍ਰੀਤ ਸਿੰਘ ਸਿੰਦਬਾਦ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਹੀ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਸ਼ਹੀਦ ਪਰਿਵਾਰਾਂ ਨੂੰ ਉਨ੍ਹਾਂ ਦੇ ਹੱਕ ਅਤੇ ਮਾਣ-ਸਨਮਾਨ ਦੇਣਾ ਸਾਡੇ ਸਾਰਿਆਂ ਦਾ ਫਰਜ਼ ਹੈ। ਇਸ ਮੌਕੇ ਸਮੁੱਚੀ ਭਾਰਤੀ ਜਨਤਾ ਪਾਰਟੀ ਟੀਮ ਵੱਲੋਂ ਸ਼ਹੀਦ ਅਜੈਬ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਪਰੋਕਤ ਭਾਜਪਾ ਆਗੂਆਂ ਤੋਂ ਬਿਨਾਂ ਲਖਵਿੰਦਰ ਸਿੰਘ, ਸਰਬਜੀਤ ਸਿੰਘ, ਮੇਜਰ ਸਿੰਘ, ਨਰਿੰਦਰ ਸਿੰਘ, ਦਵਿੰਦਰ ਸਿੰਘ, ਧਰਮਿੰਦਰ ਸਿੰਘ, ਨਰਿੰਦਰ ਕੌਰ, ਬੀਰ ਸਿੰਘ, ਮੁਖਤਾਰ ਸਿੰਘ, ਪਰਮਜੀਤ ਸਿੰਘ, ਮਨਦੀਪ ਸਿੰਘ, ਪਰਵੀਨ ਸ਼ਿੰਘ, ਨਰਿੰਦਰ ਸਿੰਘ, ਭੋਲਾ ਸਿੰਘ ਆਦਿ ਮੌਜੂਦ ਸਨ।

ਕਾਂਗਰਸੀ ਵਰਕਰਾਂ ਵੱਲੋਂ ਸ਼ਿਵ ਮੰਦਰ ਪਾਰਕ 'ਚ ਕੇਂਦਰ ਸਰਕਾਰ ਵਿਰੁੱਧ ਧਰਨਾ

ਕਲਾਨੌਰ, (ਮਨਦੀਪ ਕੁਮਾਰ)-ਹਲਕਾ ਡੇਰਾ ਬਾਬਾ ਨਾਨਕ ਤੋਂ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰ ਸਿੰਘ ਮਨੂੰ ਸਰਜੇ ਚੱਕ ਵੱਲੋਂ ਕਲਾਨੌਰ ਦੇ ਸ਼ਿਵ ਮੰਦਰ ਪਾਰਕ ਵਿੱਚ ਕੇਂਦਰ ਸਰਕਾਰ ਦੇ ਖਿਲਾਫ ਧਰਨਾ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕਾ ਡੇਰਾ ਬਾਬਾ ਨਾਨਕ ਦੇ ਮੌਜੂਦਾ ਐਮਐਲਏ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਬਲਜੀਤ ਸਿੰਘ ਪਾਹੜਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਕਲਾਨੌਰ ਵਿੱਚ ਧਰਨਾ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਪਿਛਲੇ ਕਈ ਸਾਲਾਂ ਤੋਂ ਕੇਂਦਰ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਜਾ ਰਹੇ ਝੂਠੇ ਵਾਅਦਿਆਂ ਦੇ ਖਿਲਾਫ ਨਰਿੰਦਰ ਮੋਦੀ ਦੇ ਜਨਮ ਦਿਨ ਉੱਤੇ ਕੇਂਦਰ ਸਰਕਾਰ ਨੂੰ ਦੱਸਿਆ ਜਾ ਰਿਹਾ ਹੈ ਕਿ ਤੁਸੀਂ ਜਿਹੜੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ ਕਿ 15 ਲੱਖ ਖਾਤੇ ਵਿੱਚ ਆਵੇਗਾ, ਨੌਜਵਾਨਾਂ ਨੂੰ ਪੜ੍ਹ ਲਿਖ ਕੇ ਤੁਸੀਂ ਪਕੌੜੇ ਤਲਣ 'ਤੇ ਲਾ ਦਿੱਤਾ ਹੈ। ਦੋ ਕਰੋੜ ਬੇਰੁਜ਼ਗਾਰ ਨੂੰ ਨੌਕਰੀ ਦੇਣ ਦਾ ਵਾਅਦਾ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵੀ ਵਾਅਦਾ ਕੀਤਾ ਸੀ। ਇਸ ਮੌਕੇ ਯੂਥ ਪ੍ਰਧਾਨ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੇਂਦਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਆਖਿਆ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਰਾਹੁਲ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਹੋਣਗੇ। ਇਸ ਮੌਕੇ ਗੁਰਕੀਰਤ ਸਿੰਘ, ਮਲਕੀਤ ਸਿੰਘ, ਆਸ਼ੂ, ਸੁਨੀਲ ਕੁਮਾਰ, ਸੰਨੀ, ਰਸ਼ਪਾਲ, ਸੁਨੀਲ ਕੁਮਾਰ, ਜੋਗਾ ਸਿੰਘ, ਬਲਜਿੰਦਰ ਸਿੰਘ, ਰਮਨਦੀਪ ਸਿੰਘ, ਦਿਲਜੀਤ ਸਿੰਘ, ਬਿਕਰਮ ਸਿੰਘ, ਹਰਮਨ ਸਿੰਘ ਆਦਿ ਸਾਰੇ ਹੀ ਹਾਜ਼ਰ ਸਨ।

ਡਾ. ਨਿਵੇਦਿਤਾ ਸਿੰਘ ਦੀ ਮਨਮੋਹਕ ਸੰਗੀਤਕ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਕੀਤਾ ਮੰਤਰ-ਮੁਗਧ

ਚੰਡੀਗੜ੍ਹ, (ਨਸ਼ਸ)—ਪੰਜਾਬ ਸਰਕਾਰ ਵੱਲੋਂ ਐਮਿਟੀ ਯੂਨੀਵਰਸਿਟੀ, ਮੋਹਾਲੀ ਵਿਖੇ ਹਾਲ ਹੀ ਵਿੱਚ ਕਰਵਾਏ ਗਏ ਪੰਜਾਬ ਟੂਰਿਜ਼ਮ ਸਮਿਟ ਅਤੇ ਟਰੈਵਲ ਮਾਰਟ ਦੌਰਾਨ ਪੰਜਾਬੀ ਯੂਨੀਵਰਸਿਟੀ ਦੇ ਡਾ. ਨਿਵੇਦਿਤਾ ਸਿੰਘ ਨੇ ਆਪਣੇ ਸਾਥੀਆਂ ਸਮੇਤ ਮਨਮੋਹਕ ਪੇਸ਼ਕਾਰੀ ਦਿੰਦਿਆਂ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਡਾ. ਨਿਵੇਦਿਤਾ ਸਿੰਘ, ਡਾ. ਅਲੰਕਾਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਰਾਗ ਮਲਹਾਰ ਵਿਚ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਨੀ ਕੋਇਲ ਕੂ ਕੂ ਗਾ' ਦੀ ਸ਼ਾਨਦਾਰ ਪੇਸ਼ਕਾਰੀ ਨਾਲ ਆਪਣੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਧਨੀ ਰਾਮ ਚਾਤ੍ਰਿਕ ਦੀ ਇੱਕ ਹੋਰ ਕਵਿਤਾ "ਪੰਜਾਬ ਕਰਾਂ ਕੀ ਸਿਵਤ ਤੇਰੀ" ਦੀ ਪੇਸ਼ਕਾਰੀ ਨਾਲ ਪੰਜਾਬ ਦੇ ਵੰਨ-ਸੁਵੰਨਤਾ ਵਾਲੇ ਲੋਕ ਰੰਗਾਂ ਨੂੰ ਪੇਸ਼ ਕੀਤਾ। ਬਾਬੂ ਫਿਰੋਜ਼ਦੀਨ ਸਰਫ ਦੁਆਰਾ ਰਚਿਤ ਗੀਤ 'ਸਿਹਣੇ ਦੇਸਾਂ ਅੰਦਰ ਦੇਸ਼ ਪੰਜਾਬ' ਦੀ ਆਖਰੀ ਪੇਸ਼ਕਾਰੀ ਨੇ ਸਰੋਤਿਆਂ 'ਤੇ ਅਮਿੱਟ ਛਾਪ ਛੱਡੀ।

GURU NANAK COLLEGE OF NURSING
Malerkotla Road, Dehlon, Gopalpur, Ludhiana.
M : 8196000888, 93566-60561, http://gnes.in/Home/Admissions
ADMISSION OPEN (2023-24)
POST BASIC B.Sc. (NURSING) Few seats vacant
As per University & Govt. Norms
Applications are invited for the admission in the above courses till **24.09.2023** & Counselling will be held in college campus on same date at **11.00 am. Eligibility :** As per rules of BFUHS, faridkot/inc.

ਉਤਰ ਰੇਲਵੇ
ਈ-ਨਿਵਿਦਾ ਸੂਚਨਾ
ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ	251 ਬਿਜਲੀ-T-27-2023-24
ਕੰਮਾਂ ਦਾ ਵੇਰਵਾ	ਜੰਮੂ ਕਟਰਾ ਸੈਕਸ਼ਨ ਵਿਚ ਸੁਰੰਗ-07, 23 ਅਤੇ 25 ਵਿਚ SCADA ਪ੍ਰਣਾਲੀ ਅਤੇ ਸਬੰਧਿਤ ਸੋਂਸਰ ਜਿਹੀ ਬਿਜਲੀ ਸੰਪਤੀਆਂ ਦੀ ਇਕਮੁਸ਼ਤ ਮੁਰੰਮਤ ਦੇ ਸਬੰਧ ਵਿਚ ਬਿਜਲੀ ਕੰਮ ਲਈ।
ਅੰਦਾਜਨ ਲਾਗਤ (ਰੁ.)	5196956.00
ਬਿਆਨਾ ਰਾਸ਼ੀ (ਰੁ.)	103900.00
ਕੰਮ ਦਾ ਸਮਾਂ	04 ਮਹੀਨੇ
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	09.10.2023, 15:00 ਵਜੇ ਦੇ ਬਾਅਦ
ਵੈਬਸਾਈਟ	www.ireps.gov.in

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 19-ਬਿਜਲੀ-2023-24 ਮਿਤੀ 18.08.2023 2885/23
ਗ੍ਰਾਹਕ

19-Sep-PAGE-4.qxd 9/18/2023 11:01 PM Page 1

ਨਵਾਂ ਜ਼ਮਾਨਾ
ਮੰਗਲਵਾਰ, 19 ਸਤੰਬਰ 2023

ਨ.ਫਰਤੀ ਐਂਕਰ

'ਇੰਡੀਆ' ਗਠਜੋੜ ਨੇ ਆਪਣੀ ਮੀਟਿੰਗ ਵਿੱਚ ਗੋਦੀ ਮੀਡੀਆ ਦੇ 14 ਐਂਕਰਾਂ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਨਾ ਲੈਣ ਦਾ ਫ਼ੈਸਲਾ ਕਰਕੇ ਇਹ ਸਾਫ਼ ਕਰ ਦਿੱਤਾ ਹੈ ਕਿ ਉਹ ਤਾਨਾਸ਼ਾਹੀ ਹਾਕਮਾਂ ਵਿਰੁੱਧ ਹਰ ਮੋਰਚੇ ਉੱਤੇ ਲੜਨ ਲਈ ਤਿਆਰ ਹੈ। 'ਇੰਡੀਆ' ਵੱਲੋਂ ਜਾਰੀ ਕੀਤੀ ਗਈ ਸੂਚੀ ਵਿੱਚ ਸ਼ਾਮਲ ਵੱਖ-ਵੱਖ ਚੈਨਲਾਂ ਦੇ ਇਹ ਪੱਤਰਕਾਰ ਕਾਫ਼ੀ ਮਸ਼ਹੂਰ ਹਨ। 'ਇੰਡੀਆ' ਗਠਜੋੜ ਨਾਲ ਜੁੜੇ ਵਿਰੋਧੀ ਦਲਾਂ ਦਾ ਦੋਸ਼ ਹੈ ਕਿ ਇਹ ਐਂਕਰ ਆਪਣੇ ਪ੍ਰੋਗਰਾਮਾਂ ਵਿੱਚ ਪੱਖਪਾਤ ਦੇ ਨਾਲ-ਨਾਲ ਨ.ਫਰਤ ਫੈਲਾਉਣ ਦਾ ਕੰਮ ਕਰਦੇ ਹਨ। ਇਸ ਲਈ ਅੱਗੇ ਤੋਂ ਗਠਜੋੜ ਨਾਲ ਜੁੜੀਆਂ ਪਾਰਟੀਆਂ ਇਨ੍ਹਾਂ ਐਂਕਰਾਂ ਦੇ ਪ੍ਰੋਗਰਾਮਾਂ ਵਿੱਚ ਆਪਣਾ ਕੋਈ ਨੁਮਾਇੰਦਾ ਨਹੀਂ ਭੇਜਣਗੀਆਂ। ਇਸ ਫੈਸਲੇ ਬਾਰੇ ਕਾਂਗਰਸ ਆਗੂ ਪਵਨ ਖੇੜਾ ਨੇ ਕਿਹਾ, 'ਰੋਜ਼ ਸ਼ਾਮ ਪੰਜ ਵਜੇ ਕੁਝ ਚੈਨਲਾਂ ਉੱਤੇ ਨ.ਫਰਤ ਦੀਆਂ ਦੁਕਾਨਾਂ ਸਜ ਜਾਂਦੀਆਂ ਹਨ। ਅਸੀਂ ਹੁਣ ਨ.ਫਰਤ ਦੇ ਬਜ਼ਾਰ ਦੇ ਗਾਹਕ ਨਹੀਂ ਬਣਾਂਗੇ। ਬਹੁਤ ਭਾਰੀ ਮਨ ਨਾਲ ਇਹ ਫੈਸਲਾ ਲਿਆ ਗਿਆ ਹੈ।' ਪਿਛਲੇ ਲੰਮੇ ਸਮੇਂ ਤੋਂ ਚਲ ਰਹੀ ਇਸ ਸਮੱਸਿਆ ਦੀ ਗਠਜੋੜ ਨੇ ਨਿਸ਼ਾਨਦੇਹੀ ਕਰਕੇ ਇਸ ਨੂੰ ਜਨਤਾ ਦੀ ਕਚਹਿਰੀ ਵਿੱਚ ਪੇਸ਼ ਕਰ ਦਿੱਤਾ ਹੈ। ਹੁਣ ਜਨਤਾ ਦਾ ਕੰਮ ਹੈ ਕਿ ਉਹ ਇਸ ਬਾਰੇ ਕੀ ਨਿਰਣਾ ਲੈਂਦੀ ਹੈ।

ਅਸਲ ਵਿੱਚ ਇਨ੍ਹਾਂ ਪੱਤਰਕਾਰਾਂ ਦਾ ਵਿਰੋਧ ਕਰਨਾ ਫਿਰਕੂ ਨ.ਫਰਤ ਦਾ ਵਿਰੋਧ ਕਰਨਾ ਹੈ। ਪੱਤਰਕਾਰਾਂ ਨੂੰ ਭਾਜਪਾ ਦੀ ਫਿਰਕੂ ਧਰੁਵੀਕਰਨ ਦੀ ਸਿਆਸਤ ਲਈ ਵਰਤਣਾ 2014 ਤੋਂ ਤੁਰੰਤ ਬਾਅਦ ਹੀ ਸ਼ੁਰੂ ਹੋ ਗਿਆ ਸੀ। ਜਿਹੜੇ ਪੱਤਰਕਾਰ ਇਸ ਨੀਤੀ 'ਤੇ ਨਹੀਂ ਚੱਲੇ, ਉਨ੍ਹਾਂ ਨੂੰ ਨੌਕਰੀਆਂ ਤੋਂ ਕਢਾ ਦਿੱਤਾ ਗਿਆ। ਇਸ ਮੁਹਿੰਮ ਦੇ ਸਿੱਟੇ ਲਗਾਤਾਰ ਸਾਹਮਣੇ ਆਉਂਦੇ ਰਹੇ ਹਨ। ਇਸ ਮੁਹਿੰਮ ਦੀ ਸ਼ੁਰੂਆਤ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਖ਼ਿਲਾਫ਼ ਟੀ ਵੀ ਚੈਨਲਾਂ ਵੱਲੋਂ ਨ.ਫਰਤ ਫੈਲਾਉਣ ਨਾਲ ਕੀਤੀ ਗਈ ਸੀ। ਇਨ੍ਹਾਂ ਗੋਦੀ ਐਂਕਰਾਂ ਨੇ ਹੀ ਉਮਰ ਖਾਲਿਦ ਤੇ ਕਨ੍ਹੱਈਆ ਕੁਮਾਰ ਨੂੰ ਦੇਸ਼ਧ੍ਰੋਹੀ ਬਣਾ ਕੇ ਉਨ੍ਹਾਂ ਨਾਲ ਘ੍ਰਿਣਾ ਕਰਨ ਵਾਲੇ ਹਜ਼ਾਰਾਂ ਲੋਕ ਤਿਆਰ ਕੀਤੇ ਸਨ। ਇਹੋ ਲੋਕ ਸਨ ਜਿਨ੍ਹਾਂ ਕਨ੍ਹੱਈਆ ਕੁਮਾਰ 'ਤੇ ਅਦਾਲਤ ਵਿੱਚ ਹਮਲਾ ਕੀਤਾ ਸੀ। ਇਨ੍ਹਾਂ ਐਂਕਰਾਂ ਦੇ ਪ੍ਰਚਾਰ ਨੇ ਹੀ ਹਰਿਆਣੇ ਦੇ ਉਨ੍ਹਾਂ ਦੋ ਵਿਅਕਤੀਆਂ ਨੂੰ ਤਿਆਰ ਕੀਤਾ, ਜਿਨ੍ਹਾਂ ਉਮਰ ਖਾਲਿਦ ਨੂੰ ਗੋਲੀ ਨਾਲ ਉਡਾ ਦੇਣ ਦੀ ਕੋਸ਼ਿਸ਼ ਕੀਤੀ ਸੀ। ਉਸ ਹਮਲੇ ਵਿੱਚ ਉਮਰ ਖਾਲਿਦ ਇਸ ਲਈ ਬਚ ਗਏ ਕਿਉਂਕਿ ਰਿਵਾਲਵਰ ਜਾਮ ਹੋ ਗਿਆ ਸੀ। ਇਸ ਹਮਲੇ ਤੋਂ ਬਾਅਦ ਉਮਰ ਖਾਲਿਦ ਨੇ ਕਿਹਾ ਸੀ ਕਿ ਉਹ ਇਸ ਹਮਲੇ ਲਈ ਟੀ ਵੀ ਚੈਨਲਾਂ ਨੂੰ ਜ਼ਿੰਮੇਵਾਰ ਸਮਝਦੇ ਹਨ, ਕਿਉਂਕਿ ਇਨ੍ਹਾਂ ਦੇ ਪ੍ਰਚਾਰ ਕਾਰਨ ਹੀ ਦਰਸ਼ਕਾਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਉਮਰ ਖਾਲਿਦ ਦੇਸ਼ ਨੂੰ ਤੋੜਨ ਦੀ ਸਾਜ਼ਿਸ਼ ਕਰ ਰਿਹਾ ਹੈ।

ਕੋਰੋਨਾ ਮਹਾਂਮਾਰੀ ਦੌਰਾਨ ਇਨ੍ਹਾਂ ਐਂਕਰਾਂ ਨੇ ਹੀ ਮਹਾਂਮਾਰੀ ਫੈਲਣ ਲਈ ਤਬਲੀਗੀ ਜਮਾਤ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਪਿਛਲੇ 9-10 ਸਾਲਾਂ ਵਿੱਚ ਇਨ੍ਹਾਂ ਟੀ ਵੀ ਐਂਕਰਾਂ ਨੇ ਹਿੰਦੂ ਤਬਕੇ ਵਿੱਚ ਅਜਿਹੀ ਨ.ਫਰਤ ਭਰ ਦਿੱਤੀ ਹੈ, ਜਿਸ ਨੂੰ ਦੂਰ ਕਰਨ ਲਈ ਲੰਮਾ ਸਮਾਂ ਲੱਗੇਗਾ। ਇਨ੍ਹਾਂ ਟੀ ਵੀ ਚੈਨਲਾਂ ਦੇ ਨਿਸ਼ਾਨੇ 'ਤੇ ਸਿਰਫ਼ ਮੁਸਲਮਾਨ ਹੀ ਨਹੀਂ, ਉਹ ਹਰ ਨਾਗਰਿਕ ਹੈ, ਜਿਹੜਾ ਮੌਜੂਦਾ ਹਾਕਮਾਂ ਦੀ ਨੁਕਤਾਚੀਨੀ ਕਰਦਾ ਹੈ। ਇਨ੍ਹਾਂ ਐਂਕਰਾਂ ਨੇ ਦੇਸ਼ ਦੇ ਮੁਸਲਮਾਨਾਂ, ਬੁੱਧੀਜੀਵੀਆਂ ਤੇ ਸਰਕਾਰ ਦੀ ਅਲੋਚਨਾ ਕਰਨ ਵਾਲੇ ਨਾਗਰਿਕਾਂ ਦਾ ਜੀਵਨ ਅਸੁਰੱਖਿਅਤ ਬਣਾ ਦਿੱਤਾ ਹੈ। ਇਹ ਬਹੁਤ ਹੀ ਘਿਨੌਣਾ ਅਪਰਾਧ ਹੈ, ਜਿਸ ਦੇ ਮੁਕਾਬਲੇ ਇਨ੍ਹਾਂ ਦੇ ਬਾਈਕਾਟ ਦੀ ਸਜ਼ਾ ਬਹੁਤ ਘੱਟ ਹੈ।

ਵਿਰੋਧੀ ਦਲਾਂ ਦੇ ਗਠਜੋੜ 'ਇੰਡੀਆ' ਨੇ ਇਨ੍ਹਾਂ ਐਂਕਰਾਂ ਦੇ ਪ੍ਰੋਗਰਾਮ ਵਿੱਚ ਨਾ ਜਾਣ ਦਾ ਫੈਸਲਾ ਕਰਕੇ ਇਹ ਸੰਕੇਤ ਦਿੱਤਾ ਹੈ ਕਿ ਉਹ ਫਿਰਕੂ ਨ.ਫਰਤੀ ਮੁਹਿੰਮ ਨੂੰ ਨਾਮਨਜ਼ੂਰ ਕਰਦੇ ਹਨ। ਇਹ ਫੈਸਲਾ ਉਨ੍ਹਾਂ ਲਈ ਵੀ ਇੱਕ ਚੇਤਾਵਨੀ ਹੈ, ਜਿਹੜੇ ਇਸ ਲਿਸਟ ਵਿੱਚ ਸ਼ਾਮਲ ਨਹੀਂ, ਪਰ ਕਰਤੂਤਾਂ ਉਹ ਵੀ ਇਹੋ ਜਿਹੀਆਂ ਹੀ ਕਰਦੇ ਹਨ। ਇਹ ਵੀ ਕੰਨਸੋਆਂ ਹਨ ਕਿ ਜੇਕਰ ਇਸ ਫੈਸਲੇ ਤੋਂ ਬਾਅਦ ਵੀ ਗੋਦੀ ਮੀਡੀਆ ਨਾ ਸੰਭਲਿਆ ਤਾਂ ਅਗਲਾ ਕਦਮ ਵੀ ਤਿਆਰ ਹੈ। 'ਇੰਡੀਆ' ਗਠਜੋੜ ਹੇਠ 11 ਰਾਜ ਸਰਕਾਰਾਂ ਹਨ। ਇਹ ਕਿਸੇ ਵੀ ਸਮੇਂ ਇਹ ਫੈਸਲਾ ਲੈ ਸਕਦੀਆਂ ਹਨ ਕਿ ਨ.ਫਰਤੀ ਮੁਹਿੰਮ ਵਿੱਚ ਸ਼ਾਮਲ ਟੀ ਵੀ ਚੈਨਲਾਂ ਨੂੰ ਸਰਕਾਰੀ ਇਸ਼ਤਿਹਾਰ ਨਹੀਂ ਦਿੱਤੇ ਜਾਣਗੇ।

-ਚੰਦ ਫਤਿਹਪੁਰੀ

ਮਾਂ-ਬੋਲੀ ਨੂੰ ਅੰਗਰੇਜ਼ੀ ਦੀ ਪੁੱਠ !

ਕਈ ਲੋਕ ਹੁਣ ਭਾਅ ਜੀ ਨੂੰ ਲਿਖਣ 'ਪਾਜੀ',
ਹਾਲਤ ਅੱਜ ਪੰਜਾਬੀ ਦੀ 'ਦਿੱਸ' ਹੋ ਗਈ।
ਸ਼ਬਦ ਵੀਰ ਵੀ ਬਣ ਗਿਆ 'ਬਰੋ' ਹੁਣ ਤਾਂ,
ਸਾਡੀ ਭੈਣ ਵੀ ਬਦਲ ਕੇ 'ਸਿੱਸ' ਹੋ ਗਈ।
ਟਿੱਚਰ ਅਤੇ ਮਖੌਲ ਵੀ 'ਲੌਲ' ਬਣ ਗਏ,
ਆਵੇ ਯਾਦ ਪਿਆਰੇ ਦੀ 'ਮਿੱਸ' ਹੋ ਗਈ।
ਚੁੰਮਣ ਕ੍ਰਿਆ ਸੀ ਮਿਸਰੀ ਦੀ ਡਲੀ ਜੇਹੀ,
ਨਵੇਂ ਪੋਚ ਲਈ ਵਿਗੜ ਕੇ 'ਕਿੱਸ' ਹੋ ਗਈ।
ਨਿਗਲ ਲਿਆ 'ਗੁੱਡ ਲੱਕ' ਨੇ ਭਲਾ ਹੋਵੇ,
ਘੁੱਟ ਸਿਮਟ ਕੇ ਰਹਿ ਗਿਆ 'ਸਿੱਪ' ਯਾਰੋ।
'ਐੱਚ.ਏ., ਐੱਚ.ਏ' ਨੇ ਹਾਸੇ ਦੀ ਬਾਂਹ ਮੱਲੀ,
ਹੁਣ 'ਅਫ਼ਸੋਸ' ਵੀ ਹੋ ਗਿਆ 'ਰਿੱਪ' ਯਾਰੋ।

-ਤਰਲੋਚਨ ਸਿੰਘ 'ਦੁਪਾਲਪੁਰ', 001-408-915-1268

ਔਰਤਾਂ ਵਿਰੁੱਧ ਜੁਰਮਾਂ 'ਚ ਵਾਧਾ ਚਿੰਤਾਜਨਕ

ਨਰਿੰਦਰ ਸਿੰਘ

ਔਰਤ ਨੂੰ ਸਦੀਆਂ ਤੋਂ ਹੀ ਇਸ ਮਰਦ ਪ੍ਰਧਾਨ ਸਮਾਜ ਵਿਚ ਨੀਵਾਂ ਦਰਜਾ ਦਿੱਤਾ ਜਾਂਦਾ ਰਿਹਾ ਹੈ, ਪਰ ਇਕ ਸਿਹਤਮੰਦ ਸਮਾਜ ਲਈ ਔਰਤ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਵੱਡੇ-ਵੱਡੇ ਕਵੀਆਂ, ਮਹਾਨ ਯੋਧਿਆਂ, ਗੁਰੂਆਂ-ਪੀਰਾਂ, ਮਹਾਨ ਸ਼ਖ਼ਸੀਅਤਾਂ ਨੂੰ ਜਨਮ ਦੇਣ ਵਾਲੀ ਔਰਤ ਨੇ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਆਪਣੀ ਹਰ ਭੂਮਿਕਾ ਨੂੰ ਬਾਖ਼ੂਬੀ ਨਿਭਾਉਣ ਦਾ ਯਤਨ ਕੀਤਾ ਹੈ, ਪਰ ਇਸ ਮਮਤਾ ਦੇ ਸਾਗਰ ਨੂੰ ਸਮਾਜ ਵਿਚ ਉਹ ਸਥਾਨ ਨਹੀਂ ਮਿਲ ਸਕਿਆ, ਜਿਸ ਦੀ ਉਹ ਅਸਲੀ ਹੱਕਦਾਰ ਹੈ। ਔਰਤ ਦੀ ਹੋਂਦ ਵੀ ਓਨੀ ਹੀ ਸਤਿਕਾਰ ਦੀ ਪਾਤਰ ਹੈ, ਜਿੰਨਾ ਕੇ ਆਦਮੀ। ਨਾਰੀ ਘਰ ਤੇ ਪਰਵਾਰ ਦੀ ਸੁੱਖ ਮੰਗਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਕਿ ਆਦਮੀ ਔਰਤ ਨੂੰ ਆਪਣੇ ਵਰਗਾ ਮਨੁੱਖ ਸਮਝ ਕੇ ਉਸ ਦੇ ਆਪਣੇ ਹਰ ਕਾਰਜ ਵਿਚ ਆਪਣਾ ਵਿਸ਼ਵਾਸ ਪਾਤਰ ਬਣਾ ਕੇ ਰੱਖੇ। ਸਮਾਜ ਦਾ ਹਰ ਕਾਰਜ, ਹਰ ਸਮਾਰੋਹ ਤੇ ਹਰ ਰੂਪ ਇਸਤਰੀ ਬਿਨਾਂ ਅਧੂਰਾ ਤੇ ਅਪੂਰਨ ਹੈ। ਦਰਅਸਲ ਸਮਾਜ ਦੀ ਸਰਬਾਂਗੀ ਵਿਕਾਸ ਲਈ ਇਸਤਰੀ ਦਾ ਯੋਗਦਾਨ ਮਨੁੱਖ ਨਾਲੋਂ ਕਿਤੇ ਵਧੇਰੇ ਹੈ।

ਔਰਤ ਮੁੱਢ-ਕਦੀਮ ਤੋਂ ਹੀ ਅੱਤਿਆਚਾਰ ਦਾ ਸਭ ਤੋਂ ਸੌਖਾ ਸ਼ਿਕਾਰ ਹੁੰਦੀ ਰਹੀ ਹੈ। ਘਰ ਦੀ ਚਾਰਦੀਵਾਰੀ ਤੋਂ ਲੈ ਕੇ ਬਾਹਰ ਦੇ ਚੌਰਾਹੇ ਤੀਕ ਔਰਤ ਦਾ ਕਦੇ ਵੀ ਕੋਈ ਵਾਲੀਵਾਰਸ ਨਹੀਂ ਰਿਹਾ। ਮਨੀਪੁਰ 'ਚ ਵਾਪਰੀ ਘਟਨਾ ਨੇ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਹੈ। ਇਸ ਮੰਦਭਾਗੀ ਘਟਨਾ ਕਾਰਨ ਲੋਕਾਂ ਦਾ ਰੋਸ ਅਜੇ ਮੱਠਾ ਨਹੀਂ ਪਿਆ ਸੀ ਕਿ ਝਾਰਖੰਡ ਦੇ ਗਿਰਡੀਹ ਜ਼ਿਲ੍ਹੇ ਦੇ ਸਰੀਆਂ ਥਾਣਾ ਖੇਤਰ 'ਚ ਬੀਤੇ ਹਫ਼ਤੇ ਪਿੰਡ ਦੇ ਹੀ ਕੁਝ ਲੋਕਾਂ ਵੱਲੋਂ 30 ਕੁ ਸਾਲ ਦੀ ਦਲਿਤ ਔਰਤ ਨੂੰ ਨਿਰਵਸਤਰ ਕਰਕੇ ਇਕ ਰੁੱਖ ਨਾਲ ਬੰਨ੍ਹ ਕੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਉਹ ਰਾਤ ਭਰ ਉਸੇ ਹਾਲਤ ਵਿਚ ਪਈ ਰੋਂਦੀ-ਕਰਲਾਉਂਦੀ ਰਹੀ। ਜਿਸ ਘਰ, ਸਮਾਜ ਜਾਂ ਮੁਲਕ ਵਿਚ ਔਰਤ ਦੀ ਇਜ਼ਤ ਕਰਨ ਦਾ ਰਿਵਾਜ ਨਾ ਹੋਵੇ, ਉੱਥੇ ਮਰਦ ਨਹੀਂ, ਮਰਦੂਦ ਹੀ ਪੈਦਾ ਹੁੰਦੇ ਹਨ।

ਮਨੀਪੁਰ ਵਿਚ ਨਿਰਵਸਤਰ ਔਰਤਾਂ ਦੇ ਜਲੂਸ ਨੇ ਪੂਰੀ ਸਮਾਜੀ ਵਿਵਸਥਾ ਨੂੰ ਨੰਗਾ ਕਰ ਦਿੱਤਾ ਹੈ। ਮਰਦ ਦੀ ਮਰਦਾਨਗੀ ਨੰਗੀ ਹੋਈ ਹੈ। ਸੱਭਿਅਤਾ ਤੇ ਸੰਸਕ੍ਰਿਤੀ ਨੰਗੀ ਹੋਈ ਹੈ। ਸਿਆਸਤ ਨੰਗੀ ਹੋਈ ਹੈ। ਦੰਭੀ ਮਾਨਸਿਕਤਾ ਨੰਗੀ ਹੋਈ ਹੈ। ਕਾਨੂੰਨ ਵਿਵਸਥਾ ਨੰਗੀ ਹੋਈ ਹੈ। ਮਰਦ ਦਾ ਦੈਂਤ ਰੂਪੀ ਚਿਹਰਾ ਨੰਗਾ ਹੋਇਆ ਹੈ। ਡਬਲ ਇੰਜਨ ਵਾਲੀ ਨੀਤੀ ਨੇ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ। ਜਿੱਥੇ ਵੀ ਡਬਲ ਇੰਜਨ ਸਰਕਾਰ ਹੈ, ਉੱਥੇ ਹੀ ਔਰਤਾਂ, ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਬਹੁਤ ਜ਼ੁਲਮ ਹੋ ਰਿਹਾ ਹੈ। ਸਰਕਾਰ ਦਾ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਵੀ ਮੂੰਹ ਚਿੜਾ ਰਿਹਾ ਹੈ। ਔਰਤ 'ਤੇ ਜ਼ੁਲਮ ਤਾਂ ਭਾਰਤ- ਪਾਕਿ ਵੰਡ ਵੇਲੇ ਦੀ ਤ੍ਰਾਸਦੀ ਨੂੰ ਵੀ ਪਿੱਛੇ ਛੱਡ ਰਿਹਾ ਹੈ। ਮਨੀਪੁਰ ਦੀਆਂ ਕੁੱਕੀ ਔਰਤਾਂ ਨਾਲ ਜੋ ਵਾਪਰਿਆ ਹੈ, ਉਹ ਗੁਜਰਾਤ ਦਾ ਹੀ ਮਾਡਲ ਹੈ।

ਮਨੀਪੁਰ 'ਚ ਮੈਤੋਈ ਅਤੇ ਕੁੱਕੀ ਨਾਂਅ ਦੇ ਦੋ ਕਬੀਲਿਆਂ ਦੀ ਆਪਸੀ ਖਿੱਚੋਤਾਣ ਦਾ ਖਮਿਆਜ਼ਾ ਕੁੱਕੀ ਕਬੀਲੇ ਦੀਆਂ ਔਰਤਾਂ ਨੂੰ ਜ਼ਲੀਲ ਹੋ ਕੇ ਭੁਗਤਣਾ ਪਿਆ। ਮਨੀਪੁਰ ਵਿੱਚ ਜ਼ਲੀਲ ਹੋਈਆਂ ਔਰਤਾਂ ਨੇ ਕੋਈ ਜ਼ੁਰਮ ਨਹੀਂ ਸੀ ਕੀਤਾ। ਉਹਨਾਂ ਦਾ ਕਸੂਰ ਇਹੋ ਸੀ ਕਿ ਉਹ ਭਿੜੇ ਦੋ ਕਬੀਲਿਆਂ ਵਿੱਚੋਂ ਕਮਜ਼ੋਰ ਕਬੀਲੇ ਦੀਆਂ ਔਰਤਾਂ ਸਨ। ਇਹਨਾਂ ਔਰਤਾਂ ਨਾਲ ਮਹਿਜ਼ ਉਹ ਹੀ ਵਰਤਾਰਾ ਹੀ ਨਹੀਂ ਵਾਪਰਿਆ, ਜੋ ਅਸੀਂ ਸੋਸ਼ਲ ਮੀਡੀਆ ਜ਼ਰੀਏ ਵੇਖਿਆ ਹੈ। ਇਹਨਾਂ ਔਰਤਾਂ ਸਮੇਤ ਕਬੀਲੇ ਦੀਆਂ ਤਮਾਮ ਹੋਰ ਔਰਤਾਂ ਨਾਲ ਇਸ ਤੋਂ ਵੀ ਵਹਿਸ਼ੀਆਨਾ ਵਰਤਾਰੇ ਵਾਪਰੇ ਹਨ। ਇਹਨਾਂ ਔਰਤਾਂ ਸਮੇਤ ਤਮਾਮ ਔਰਤਾਂ ਨਾਲ ਜਬਰ ਜ਼ਨਾਹ ਕੀਤਾ ਗਿਆ। ਮਨੀਪੁਰ ਦੀ ਘਟਨਾ ਸਾਡੇ ਮੁਲਕ ਦੇ ਮੱਥੇ 'ਤੇ ਕਲੰਕ ਹੈ। ਸਭ ਲਈ ਬਰਾਬਰ ਦੇ ਅਧਿਕਾਰਾਂ ਦੀ ਗੱਲ ਕਰਕੇ ਸੰਵਿਧਾਨ ਵਾਲੇ ਮੁਲਕ ਵਿਚ ਵਾਪਰੀ ਇਹ ਘਟਨਾ ਪੁਲਸ ਪ੍ਰਸ਼ਾਸਨ 'ਤੇ ਸਭ ਤੋਂ ਵੱਡਾ ਸਵਾਲੀਆ ਚਿੰਨ੍ਹ ਹੈ। ਬੇਸ਼ੱਕ ਅਦਾਲਤ ਨੇ ਔਰਤਾਂ ਨੂੰ ਨਗਨ ਕਰਕੇ ਘੁੰਮਾਏ ਜਾਣ ਦੀ ਸ਼ਰਮਨਾਕ ਘਟਨਾ ਦਾ ਸ਼ੂ-ਮੋਟੋ ਨੋਟਿਸ ਲਿਆ ਹੈ, ਪਰ ਦੋਸ਼ੀਆਂ ਨੂੰ ਸਜ਼ਾ ਮਿਲਣ ਲਈ ਨਿਆਂਇਕ ਪ੍ਰਣਾਲੀ ਦਾ ਵੱਡਾ ਸਫਰ ਹਾਲੇ ਬਾਕੀ ਹੈ। ਮੁਲਕ ਦੇ ਕੋਨੇ-ਕੋਨੇ 'ਚੋਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਹੋਣ ਦੀ ਉੱਠ ਰਹੀ ਮੰਗ ਬਿਲਕੁਲ ਜਾਇਜ਼ ਹੈ।

ਮਨੀਪੁਰ ਘਟਨਾ ਕੋਈ ਪਹਿਲੀ ਨਹੀਂ ਹੈ। ਇਸ ਤੋਂ ਪਹਿਲਾਂ ਕਠੂਆ ਸਮੂਹਿਕ ਬਲਾਤਕਾਰ/ਕਤਲ ਕੇਸ, ਉਨਾਓਂ ਬਲਾਤਕਾਰ ਕੇਸ, ਹਾਥਰਸ ਬਲਾਤਕਾਰ ਕੇਸ, ਪਹਿਲਵਾਨ ਕੁੜੀਆਂ ਦੇ ਜਿਨਸੀ ਸ਼ੋਸ਼ਣ ਵਰਗੀਆਂ ਘਟਨਾਵਾਂ ਪਹਿਲਾਂ ਵੀ ਵਾਪਰ ਚੁੱਕੀਆ ਹਨ। ਮਨੀਪੁਰ 'ਚ ਵਾਪਰੀ ਘਟਨਾ ਨਾਲ ਹਰ ਸੰਵੇਦਨਸ਼ੀਲ ਅੱਖ ਨਮ ਹੈ। ਪੀੜਤਾ ਦੀ ਪੀੜਾ ਦਾ ਅਨੁਵਾਦ ਕਰਨ ਲਈ ਕਿਸੇ ਵੀ ਭਾਸ਼ਾ ਦੀ ਵਰਣਮਾਲਾ ਅਧੂਰੀ ਜਾਪਦੀ ਹੈ। ਇਸ ਘਟਨਾ ਨੇ ਪੂਰੇ ਦੇਸ਼ ਨੂੰ ਦੁਨੀਆ ਭਰ ਦੇ ਦੇਸ਼ਾਂ ਵਿਚ ਸ਼ਰਮਸਾਰ ਕੀਤਾ ਹੈ।

ਹਰ ਧਰਮ ਵਿਚ ਔਰਤ ਦਾ ਖਾਸ ਸਥਾਨ ਹੈ। ਹਿੰਦੂ

ਧਰਮ ਵਿਚ ਇਸ ਨੂੰ ਦੇਵੀ ਕਹਿ ਕੇ ਸਤਿਕਾਰਿਆ ਜਾਂਦਾ ਹੈ ਅਤੇ ਕੰਜਕਾਂ ਦੀ ਪੂਜਾ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਲਾਮ ਕੀਤਾ ਜਾਂਦਾ ਹੈ ਅਤੇ ਔਰਤਾਂ ਨੂੰ ਰਾਜਿਆਂ ਦੀ ਜਨਮਦਾਤੀ ਕਹਿ ਕੇ ਸਲਾਹਿਆ ਗਿਆ ਹੈ। ਇਸਾਈ ਧਰਮ ਵਿਚ ਮਰੀਅਮ ਅਤੇ ਮੁਸਲਮਾਨ ਭਾਈਚਾਰੇ ਵਿਚ ਬੇਟੀ ਫਾਤਿਮਾ ਨੂੰ ਆਲਾ ਸਥਾਨ ਦਿੱਤਾ ਗਿਆ ਹੈ। ਔਰਤ ਸਾਡੇ ਸਮਾਜ ਦੀ ਉਹ ਅਦਾਕਾਰਾ ਹੈ, ਜਿਸ ਨੂੰ ਸ਼ੁਰੂ ਤੋਂ ਲੈ ਕੇ ਹੁਣ ਤੱਕ ਆਪਣੀ ਹੋਂਦ ਅਤੇ ਪਛਾਣ ਲਈ ਲੜਨਾ ਪਿਆ ਹੈ। ਭਾਰਤ ਵਿਚ ਹਰ 30 ਮਿੰਟ ਵਿਚ ਇਕ ਔਰਤ ਖੁਦਕੁਸ਼ੀ ਕਰਨ ਲੱਗੀ ਹੈ। ਇਹ ਮੁਲਕ ਵਿਚ ਹੋ ਰਹੀਆਂ ਕੁਲ ਖੁਦਕੁਸ਼ੀਆਂ ਦਾ 14 ਫੀਸਦੀ ਹਿੱਸਾ ਬਣਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਬਦਲਦੇ ਜ਼ਮਾਨੇ ਵਿਚ ਔਰਤ ਨੇ ਹਰ ਖੇਤਰ ਵਿਚ ਅੱਗੇ ਵਧਣਾ ਸ਼ੁਰੂ ਕੀਤਾ ਹੈ।

ਔਰਤ ਮਨੁੱਖ ਦੀ ਪਹਿਲੀ ਗੁਰੂ ਹੈ। ਉਹ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਉਸ ਨੂੰ ਤੁਰਨਾ ਅਤੇ ਬੋਲਣਾ ਸਿਖਾਉਂਦੀ ਹੈ। ਜੇਕਰ ਸਮਾਜ ਵਿਚ ਔਰਤ ਦਾ ਤ੍ਰਿਸਕਾਰ ਹੁੰਦਾ ਹੈ ਤਾਂ ਉਹ ਸਾਡੀ ਬਦਨਸੀਬੀ ਹੈ। ਦਰਅਸਲ ਲੋਕਾਂ ਨੇ ਅੰਨ੍ਹੇ ਵਿਸ਼ਵਾਸ ਵਿਚ ਹੀ ਕਈ ਇਹੋ ਜਿਹੇ ਲੋਕ ਚੁਣ ਦਿੱਤੇ, ਜਿਨ੍ਹਾਂ ਨੂੰ ਤਾਕਤ ਨੇ ਬਿਲਕੁੱਲ ਅੰਨ੍ਹੇ ਕਰ ਦਿੱਤਾ। ਕਾਨੂੰਨ ਵਿਵਸਥਾ ਆਪਣੇ ਤਰੀਕੇ ਨਾਲ ਪੋਲੇ ਪੈਰੀਂ ਚਲਦੀ ਹੈ। ਨਿਆਂ ਪਾਲਕਾ ਮਜਬੂਰ ਹੈ। ਗਵਾਹਾਂ ਦੇ ਬਿਆਨਾਂ 'ਤੇ ਫੈਸਲੇ ਟਿਕੇ ਹੁੰਦੇ ਹਨ। ਗਵਾਹ ਕਦੇ ਡਰ ਜਾਂਦੇ ਹਨ। ਕਦੇ ਠਰ ਜਾਂਦੇ ਹਨ। ਬੇਕਸੂਰ ਨੂੰ ਲੰਮਾ ਸਮਾਂ ਇਨਸਾਫ ਨਹੀਂ ਮਿਲਦਾ। ਸਮਾਜ ਵਿਰੋਧੀ ਅਨਸਰਾਂ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ, ਤਾਂ ਜੋ ਕੋਈ ਹੋਰ ਦਰਿੰਦਾ ਔਰਤ ਦੀ ਅਸਮਤ ਵੱਲ ਬੁਰੀ ਨਜ਼ਰ ਨਾਲ ਨਾ ਦੇਖੇ। ਇਹ ਸਾਰਾ ਕੁਝ ਸਰਕਾਰ ਅਤੇ ਕਾਨੂ

19-SEP-PAGE-5.qxd 9/18/2023 11:11 PM Page 1

ਕਰਜ਼ੇ ਦੇ ਮਾਮਲੇ 'ਚ ਜੇਲ੍ਹ ਭੇਜੇ ਕਿਸਾਨ ਦੀ ਬਿਨਾਂ ਸ਼ਰਤ ਰਿਹਾਈ ਤੱਕ ਮੋਰਚਾ ਰਹੇਗਾ ਜਾਰੀ : ਰਾਮਫਲ

ਮਾਨਸਾ (ਪਮਾਰ)

ਸੋਮਵਾਰ ਪਿੰਡ ਵਰੇ ਵਿਖੇ ਪੰਜਾਬ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਕੋਆਪ੍ਰੇਟਿਵ ਬੈਂਕ ਦੇ ਗੇਟ ਅੱਗੇ ਮੈਨੇਜਰ ਚਰਨਜੀਤ ਸਿੰਘ ਖਿਲਾਫ ਧਰਨਾ ਦਿੱਤਾ ਗਿਆ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਵਰਿਆਂ ਦੇ ਕਿਸਾਨ ਕਾਕਾ ਸਿੰਘ ਵੱਲੋਂ ਕੋਆਪ੍ਰੇਟਿਵ ਬੈਂਕ ਤੋਂ 13 ਸਾਲ ਪਹਿਲਾਂ ਢਾਈ ਲੱਖ ਰੁਪਏ ਦੀ ਲਿਮਟ ਬਣਵਾਈ ਗਈ ਸੀ, ਜੋ ਵਾਰ ਵਾਰ ਫਸਲਾਂ ਦੇ ਖਰਾਬੇ ਤੇ ਕੁਦਰਤੀ ਮਾਰਾਂ ਕਾਰਨ ਹੋਏ ਨੁਕਸਾਨ ਦੇ ਚਲਦਿਆਂ ਭਰਨ ਵਿੱਚ ਦੇਰੀ ਹੋਈ, ਜਿਸ ਦਾ ਬੈਂਕ ਵੱਲੋਂ ਵਿਆਜ 'ਤੇ ਵਿਆਜ ਲਗਾ ਕੇ ਹੁਣ ਤੱਕ 11 ਲੱਖ ਰੁਪਇਆ ਬਣਾ ਦਿੱਤਾ ਗਿਆ ਹੈ। ਪਿਛਲੇ ਸਮੇਂ ਦੌਰਾਨ ਬੈਂਕ ਤੇ ਪੀੜਤ ਕਿਸਾਨ ਵਿਚਕਾਰ 4 ਲੱਖ 80 ਹਜ਼ਾਰ 'ਤੇ ਸਮਝੌਤਾ ਵੀ ਹੋ ਗਿਆ ਸੀ, ਬਾਵਜੂਦ ਇਸ ਦੇ ਬੈਂਕ ਵੱਲੋਂ ਸਮਝੌਤਾ ਰੱਦ ਕਰਦਿਆਂ ਕਿਸਾਨ ਉੱਪਰ ਕਰਜ਼ਾ ਵਸੂਲੀ ਦਾ ਦਾਅਵਾ ਕਰਕੇ ਜੇਲ੍ਹ ਅੰਦਰ ਬੰਦ ਕਰਵਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵੱਡੇ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਅੰਦਰਖਾਤੇ ਮੁਆਫ ਕੀਤੇ ਜਾ ਰਹੇ ਹਨ, ਜਿਨ੍ਹਾਂ ਕਾਰਨ ਕਈ ਬੈਂਕਾਂ ਡੁੱਬ ਚੁੱਕੀਆਂ ਹਨ, ਪਰ ਦੂਜੇ ਪਾਸੇ ਗਰੀਬ ਕਿਸਾਨਾਂ ਨੂੰ ਮਾਮੂਲੀ ਕਰਜ਼ੇ ਪਿੱਛੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ, ਜਿਸ ਨੂੰ ਪੰਜਾਬ ਕਿਸਾਨ ਯੂਨੀਅਨ ਕਦੇ ਬਰਦਾਸ਼ਤ ਨਹੀਂ ਕਰੇਗੀ ਅਤੇ ਪੀੜਤ ਕਿਸਾਨਾਂ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਦਾ ਰਾਹ ਅਪਣਾਏਗੀ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਕਿਸਾਨ ਦੀ ਬਿਨਾਂ ਸ਼ਰਤ ਰਿਹਾਈ ਕੀਤੀ ਜਾਵੇ ਤੇ ਕੁਦਰਤੀ ਆਫਤਾਂ ਦੀ ਮਾਰ ਹੇਠ ਆਏ ਸਾਰੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਸਮੁੱਚੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਜਦ ਤੱਕ ਪੀੜਤ ਕਿਸਾਨ ਦੀ ਰਿਹਾਈ ਨਹੀਂ ਹੁੰਦੀ, ਤਦ ਤੱਕ ਬੈਂਕ ਅੱਗੇ ਦਿਨ-ਰਾਤ ਧਰਨਾ ਜਾਰੀ ਰਹੇਗਾ। ਇਸ ਸਮੇਂ ਬਲਾਕ ਪ੍ਰਧਾਨ ਗੁਰਤੇਜ ਸਿੰਘ ਵਰੇ ਨੇ ਕਿਹਾ ਕਿ 20 ਸਤੰਬਰ ਨੂੰ ਇਸ ਮਸਲੇ ਸੰਬੰਧੀ ਵੱਡਾ ਇਕੱਠ ਕੀਤਾ ਜਾਵੇਗਾ। ਉਨ੍ਹਾਂ ਪਹੁੰਚੇ ਹੋਏ ਵਰਕਰਾਂ ਨੂੰ 20 ਸਤੰਬਰ ਨੂੰ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ। ਧਰਨੇ ਨੂੰ ਬਲਾਕ ਆਗੂ ਦਰਸ਼ਨ ਸਿੰਘ ਮੰਘਾਣੀਆਂ, ਕੁਲਵੀਰ ਸਿੰਘ ਫੁੱਲੂਵਾਲਾ, ਬਾਬੂ ਸਿੰਘ ਵਰੇ, ਮੇਲਾ ਸਿੰਘ ਝਲਬੂਟੀ ਨੇ ਵੀ ਸੰਬੋਧਨ ਕੀਤਾ।

ਪੀ ਐੱਸ ਯੂ ਦੀ ਅਗਵਾਈ 'ਚ ਸਰਕਾਰੀ ਕਾਲਜ ਵਿਖੇ ਧਰਨਾ

ਮੁਕਤਸਰ (ਸ਼ਮਿੰਦਰਪਾਲ, ਪੂਜਾ)- ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਸਕਿਓਰਟੀ ਗਾਰਡ ਤੇ ਪ੍ਰੋ: ਗੁਰਬਾਜ ਸਿੰਘ ਵੱਲੋਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਨਾਲ ਬਦਸਲੂਕੀ ਕਰਨ ਖਿਲਾਫ ਪ੍ਰਸ਼ਾਸਨ ਦੁਆਰਾ ਕਈ ਤਰ੍ਹਾਂ ਦੀਆਂ ਰੁਕਾਵਟਾਂ ਖੜੀਆਂ ਕਰਨ ਦੇ ਬਾਵਜੂਦ ਪ੍ਰਿੰਸੀਪਲ ਦਫਤਰ ਅੱਗੇ ਧਰਨਾ ਲਗਾਇਆ ਗਿਆ ਅਤੇ ਕਾਲਜ ਦੇ ਕੁਝ ਪ੍ਰੋਫੈਸਰਾਂ ਦੁਆਰਾ ਮਸਲੇ ਨੂੰ ਖਿੰਡਾਉਣ ਦੀ ਸੂਰਤ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਐਲਾਨ ਕੀਤਾ ਗਿਆ।

ਪ੍ਰੈੱਸ ਬਿਆਨ ਜਾਰੀ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਸੁਖਪ੍ਰੀਤ ਕੌਰ ਤੇ ਕੋ-ਕਨਵੀਨਰ ਨੌਨਿਹਾਲ ਸਿੰਘ ਅਤੇ ਸੁਖਵੀਰ ਕੌਰ ਸੋਨੀ ਨੇ ਦੱਸਿਆ ਪਿਛਲੇ ਦਿਨੀਂ ਕਾਲਜ ਦੇ ਸਕਿਓਰਟੀ ਗਾਰਡ ਤੇ ਪ੍ਰੋਫੈਸਰ ਗੁਰਬਾਜ਼ ਵੱਲੋਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਨਾਲ ਬਦਸਲੂਕੀ ਕੀਤੀ ਗਈ ਸੀ, ਜਿਸ ਦੀ ਦਰਖਾਸਤ ਵੀ ਥਾਣਾ ਸਦਰ ਵਿੱਚ ਦਿੱਤੀ ਗਈ ਸੀ, ਪਰ ਇਸ ਮਸਲੇ ਨੂੰ ਨਾ ਹੀ ਕਾਲਜ ਵੱਲੋਂ ਬਣਾਈ ਕਮੇਟੀ ਨੇ ਹੱਲ ਕੀਤਾ ਅਤੇ ਨਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਨੂੰ ਮੁੜ ਵਿਚਾਰਿਆ ਗਿਆ, ਸਗੋਂ ਕਾਲਜ ਦੇ ਕੁਝ ਪ੍ਰੋਫੈਸਰਾਂ ਵੱਲੋਂ ਜਾਣ ਬੁੱਝ ਕੇ ਇਸ ਮਸਲੇ ਨੂੰ ਉਲਝਾਇਆ ਗਿਆ, ਜਿਸ ਦੇ ਸਿੱਟੇ ਵਜੋਂ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਅੱਜ ਪ੍ਰਿੰਸੀਪਲ ਦਫਤਰ ਸਾਹਮਣੇ ਧਰਨਾ ਰੱਖਿਆ ਗਿਆ ਸੀ, ਜਿਸ ਨੂੰ ਖਰਾਬ ਕਰਨ ਲਈ ਇਨ੍ਹਾਂ ਪ੍ਰੋਫੈਸਰਾਂ ਨੇ ਅੱਜ ਪੂਰਾ ਜ਼ੋਰ ਲਾਇਆ। ਪਹਿਲਾਂ ਤਾਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਨੂੰ ਝੰਡੇ-ਡੰਡੇ ਅੰਦਰ ਲਿਜਾਣ ਤੋਂ ਮਨ੍ਹਾਂ ਕੀਤਾ ਤੇ ਸਾਰੇ ਆਗੂਆਂ ਨੂੰ ਰੋਕ ਕੇ ਨਾਮ ਨੋਟ ਕਰਕੇ ਪਰਚੇ ਦਰਜ ਕਰਾਉਣ ਦੀ ਧਮਕੀ ਦਿੱਤੀ ਗਈ ਅਤੇ ਕਾਲਜ ਅੰਦਰ ਆ ਰਹੇ ਵਿਦਿਆਰਥੀਆਂ ਨੂੰ ਇਨ੍ਹਾਂ ਪ੍ਰੋਫੈਸਰਾਂ ਦੇ ਇਸ ਟੋਲੇ ਨੇ ਵਿਦਿਆਰਥੀਆਂ ਨੂੰ ਧਮਕਾਇਆ ਕਿ ਜੇਕਰ ਉਹ ਪੀ. ਐੱਸ. ਯੂ. ਦੇ ਧਰਨੇ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਦੀ ਅਸੈਸਮੈਂਟ ਨਹੀਂ ਲਗਾਈ ਜਾਵੇਗੀ ਅਤੇ ਕਾਲਜ 'ਚੋਂ ਨਾਮ ਕੱਟ ਦਿੱਤੇ ਜਾਣਗੇ। ਵਿਦਿਆਰਥੀ ਵਿਰੋਧੀ ਇਸ ਗਰੋਹ ਨੂੰ, ਜਿਸ ਵਿੱਚ ਪ੍ਰੋਫੈਸਰ ਹਰਦਵਿੰਦਰ ਸਿੰਘ, ਪ੍ਰੋ: ਹਰਮੀਤ ਕੌਰ ਤੇ ਪ੍ਰੋ: ਕੰਵਰਜੀਤ ਸਿੰਘ ਸ਼ਾਮਲ ਹਨ, ਫਿਲਾਸਫੀ ਦੇ ਪ੍ਰੋ: ਨਵਦੀਪ ਸਿੰਘ ਵੱਲੋਂ ਅਗਵਾਈ ਦਿੱਤੀ ਜਾ ਰਹੀ ਹੈ। ਇੰਨਾ ਹੀ ਨਹੀਂ ਅੱਜ ਦੇ ਧਰਨੇ ਨੂੰ ਫੇਲ੍ਹ ਕਰਨ ਲਈ ਤੇ ਵਿਦਿਆਰਥੀਆਂ ਵਿੱਚ ਫੁੱਟ ਪਾਉਣ ਲਈ ਇਨ੍ਹਾਂ ਨੇ ਕਾਲਜ ਦੇ ਕੁਝ ਵਿਦਿਆਰਥੀਆਂ ਨੂੰ ਧਰਨੇ 'ਤੇ ਬੈਠੇ ਵਿਦਿਆਰਥੀਆਂ ਵਿਰੁੱਧ ਭੜਕਾਇਆ ਅਤੇ ਉਨ੍ਹਾਂ 'ਤੇ ਹਮਲਾ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਪ੍ਰੋਫੈਸਰਾਂ ਵੱਲੋਂ ਕਾਲਜ ਵਿੱਚ ਸਰੇਆਮ ਗੁੰਡਾਗਰਦੀ ਕੀਤੀ ਗਈ, ਜਿਹੜੇ ਪ੍ਰੋਫੈਸਰਾਂ ਨੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਝੰਡੇ ਡੰਡੇ ਕਾਲਜ ਅੰਦਰ ਨਹੀਂ ਜਾਣ ਦਿੱਤੇ, ਉਨ੍ਹਾਂ ਹੀ ਪ੍ਰੋਫੈਸਰਾਂ ਵੱਲੋਂ ਬਾਅਦ ਵਿੱਚ ਡੰਡੇ ਹੱਥਾਂ 'ਚ ਫੜ ਕੇ ਵਿਦਿਆਰਥੀਆਂ ਨੂੰ ਡੰਡੇ ਦੇ ਜ਼ੋਰ 'ਤੇ ਧੱਕੇ ਨਾਲ ਆਪਣੇ ਹੱਕ ਵਿੱਚ ਖੜਨ ਲਈ ਮਜਬੂਰ ਕੀਤਾ, ਉਨ੍ਹਾਂ ਤੋਂ ਧੱਕੇ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਮੁਰਦਾਬਾਦ ਦੇ ਚਾਰਟ ਬਣਵਾਏ, ਨਾਅਰੇ ਲਗਵਾਏ ਗਏ, ਪਰ ਪੰਜਾਬ ਸਟੂਡੈਂਟਸ ਯੂਨੀਅਨ ਦਾ ਧਰਨਾ ਇਨ੍ਹਾਂ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਜਾਰੀ ਰਿਹਾ। ਜਿਲ੍ਹਾ ਆਗੂ ਲਵਪ੍ਰੀਤ ਕੌਰ ਤੇ ਮਮਤਾ ਆਜ਼ਾਦ ਨੇ ਦੱਸਿਆ ਕਿ ਪ੍ਰੋਫੈਸਰ ਨਵਦੀਪ ਸਿੰਘ ਦੇ ਪੰਜਾਬ ਸਟੂਡੈਂਟਸ ਯੂਨੀਅਨ ਪਿਛਲੇ ਲੰਬੇ ਸਮੇਂ ਤੋਂ ਅੱਖਾਂ ਵਿੱਚ ਰੜਕਦੀ ਹੈ, ਜਿਸ ਕਰਕੇ ਉਹ ਲਗਾਤਾਰ ਇਸ ਮਸਲੇ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਵਿਦਿਆਰਥੀਆਂ 'ਚ ਜਥੇਬੰਦੀ ਵਿਰੁੱਧ ਕੂੜ ਪ੍ਰਚਾਰ ਕਰ ਰਿਹਾ ਤੇ ਜਥੇਬੰਦੀ ਦੇ ਆਗੂਆਂ ਨਾਲ ਕਰਨ ਵਾਲਿਆਂ ਦਾ ਪੱਖ ਪੂਰਨ 'ਚ ਲੱਗਾ ਹੋਇਆ ਹੈ।

ਪੰਜਾਬ ਸਟੂਡੈਂਟਸ ਯੂਨੀਅਨ ਵਿਦਿਆਰਥੀਆਂ ਦੀ ਫੀਸਾਂ ਤੇ ਫੰਡਾਂ ਲਈ ਲੜਨ ਵਾਲੀ ਤੇ ਕਾਲਜਾਂ 'ਚ ਹੁੰਦੇ ਘੁਟਾਲਿਆਂ ਦਾ ਪਰਦਾਫਾਸ਼ ਕਰਨ ਵਾਲੀ ਜਥੇਬੰਦੀ ਹੈ, ਤਾਂ ਪ੍ਰੋਫੈਸਰ ਨਵਦੀਪ ਸਿੰਘ ਦਾ ਇਸ ਜਥੇਬੰਦੀ ਪ੍ਰਤੀ ਖਾਰ ਰੱਖਣਾ ਤੇ ਇਸ ਨੂੰ ਢਾਹ ਲਾਉਣ ਵਾਲੀ ਸਮਝ ਪ੍ਰੋਫੈਸਰ ਨਵਦੀਪ ਸਿੰਘ 'ਤੇ ਕਈ ਤਰ੍ਹਾਂ ਦੇ ਸਵਾਲ ਖੜੇ ਕਰਦੀ ਹੈ। ਕੋਈ ਸਿੱਟਾ ਨਾ ਨਿਕਲਦਾ ਵੇਖ ਕੇ ਅੱਜ ਦਾ ਧਰਨਾ ਇੱਕ ਵਾਰ ਸਮਾਪਤ ਕੀਤਾ ਗਿਆ ਤੇ ਸਟੇਜ ਤੋਂ ਐਲਾਨ ਕੀਤਾ ਗਿਆ ਕਿ ਇਸ ਮਸਲੇ ਨੂੰ ਹੋਰ ਤਿੱਖਾ ਕਰਨ ਦੀ ਰੂਪ ਰੇਖਾ ਉਲੀਕੀ ਜਾਵੇਗੀ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਖਿਲਾਫ ਵੱਡੀ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ। ਕਿਰਤੀ ਕਿਸਾਨ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਇਕਾਈ ਮੁਕਤਸਰ ਵੱਲੋਂ ਵੀ ਇਸ ਸੰਘਰਸ਼ 'ਚ ਸਾਥ ਦੇਣ ਦਾ ਐਲਾਨ ਕੀਤਾ। ਇਸ ਮੌਕੇ ਵਿਦਿਆਰਥੀ ਆਗੂ ਪੂਜਾ, ਗੁਰਪ੍ਰੀਤ ਸਿੰਘ, ਰਾਜਵੀਰ ਕੌਰ, ਅਰਸਦੀਪ ਸਿੰਘ, ਅਜੇਪਾਲ ਸਿੰਘ, ਜਸਪ੍ਰੀਤ ਸਿੰਘ, ਵੰਸ਼ ਤਮੋਲੀ, ਨੇਹਾ, ਪਵਨਦੀਪ ਕੌਰ, ਏਕਮਦੀਪ ਸਿੰਘ ਆਦਿ ਵਿਦਿਆਰਥੀ ਸ਼ਾਮਲ ਸਨ।

ਸਾਬਕਾ ਵਿਧਾਇਕ ਸਤਿਕਾਰ ਕੌਰ ਗਹਿਰੀ ਤੇ ਉਸ ਦਾ ਪਤੀ ਵਿਜੀਲੈਂਸ ਵੱਲੋਂ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੀ ਸਾਬਕਾ ਵਿਧਾਇਕਾ ਸ੍ਰੀਮਤੀ ਸਤਿਕਾਰ ਕੌਰ ਗਹਿਰੀ ਨੂੰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਵਿਜੀਲੈਂਸ ਵਿਭਾਗ ਵੱਲੋਂ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦੇ ਪਤੀ ਜਸਮੇਲ ਸਿੰਘ ਲਾਡੀ ਗਹਿਰੀ ਨੂੰ ਵੀ ਵਿਜੀਲੈਂਸ ਵਿਭਾਗ ਨੇ ਫਿਰੋਜ਼ਪੁਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

ਦੱਸਣਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਸਤਿਕਾਰ ਕੌਰ ਤੇ ਉਨ੍ਹਾਂ ਦੇ ਪਤੀ ਖ਼ਿਲਾਫ ਫਿਰੋਜ਼ਪੁਰ ਵਿਜੀਲੈਂਸ ਕੋਲ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਸ਼ਿਕਾਇਤ ਚੱਲ ਰਹੀ ਸੀ, ਜਿਸ ਵਿੱਚ ਵਿਜੀਲੈਂਸ ਵਿਭਾਗ ਨੇ ਉਨ੍ਹਾਂ ਨੂੰ ਕਈ ਵਾਰ ਪੁੱਛਗਿੱਛ ਲਈ ਵਿਜੀਲੈਂਸ ਦਫਤਰ ਫਿਰੋਜ਼ਪੁਰ ਵਿਖੇ ਬੁਲਾਇਆ ਸੀ ਅਤੇ ਹੁਣ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਇਸ ਦੌਰਾਨ ਵਿਜੀਲੈਂਸ ਦੀ ਟੀਮ ਸਾਬਕਾ ਵਿਧਾਇਕ ਗਹਿਰੀ ਤੇ ਉਨ੍ਹਾਂ ਦੇ ਪਤੀ ਲਾਡੀ ਗਹਿਰੀ ਤੋਂ ਪੁੱਛਗਿੱਛ ਕਰ ਚੁੱਕੀ ਹੈ ਅਤੇ ਉਨ੍ਹਾਂ ਦੇ ਘਰ ਦੀ ਜਾਂਚ ਵੀ ਕਰ ਚੁੱਕੀ ਹੈ।ਸਾਬਕਾ ਵਿਧਾਇਕ ਗਹਿਰੀ ਦੇ ਪਤੀ ਲਾਡੀ ਗਹਿਰੀ ਨੂੰ ਵੀ ਬਹੁਤ ਤਾਕਤਵਰ ਮੰਨਿਆ ਜਾਂਦਾ ਸੀ, ਕਿਉਂਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਿੱਚ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਸਨ।ਅਜਿਹੇ 'ਚ ਕਾਂਗਰਸ ਸਰਕਾਰ 'ਚ ਉਨ੍ਹਾਂ ਦੇ ਵਿਰੋਧੀ ਵੀ ਉਨ੍ਹਾਂ 'ਤੇ ਗੰਭੀਰ ਦੋਸ਼ ਲਗਾ ਰਹੇ ਹਨ।ਫਿਲਹਾਲ ਇਸ ਪੂਰੇ ਮਾਮਲੇ 'ਚ ਵਿਜੀਲੈਂਸ ਤੋਂ ਪੂਰੇ ਵੇਰਵਿਆਂ ਦੀ ਉਡੀਕ ਹੈ।ਜ਼ਿਕਰਯੋਗ ਹੈ ਕਿ ਇਸ ਵਾਰ ਪੰਜਾਬ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਸਤਿਕਾਰ ਕੌਰ ਗਹਿਰੀ ਨੂੰ ਕਾਂਗਰਸ ਵੱਲੋਂ ਟਿਕਟ ਨਾ ਦਿੱਤੇ ਜਾਣ ਤੋਂ ਬਾਅਦ ਉਹ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਈ ਸੀ।

ਕਾਤਰਾਂ

ਟੇਬਲ ਟੈਨਿਸ ਕੋਚਿੰਗ ਸੈਂਟਰ ਦੀ ਪਹਿਲੀ ਤੋਂ ਸ਼ੁਰੂਆਤ

ਬੁਢਲਾਡਾ (ਅਸ਼ੋਕ ਲਾਕੜਾ)-ਜ਼ਿਲ੍ਹਾ ਮਾਨਸਾ ਟੇਬਲ ਟੈਨਿਸ ਐਸੋਸੀਏਸ਼ਨ ਵੱਲੋਂ ਬੁਢਲਾਡਾ ਵਿਖੇ ਇਕ ਟੇਬਲ ਟੈਨਿਸ ਕੋਚਿੰਗ ਸੈਂਟਰ ਖੋਲ੍ਹਣ ਦਾ ਫੈਸਲਾ ਕੀਤਾ ਗਿਆ। ਇਹ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੇਵਲ ਗਰਗ ਨੇ ਦੱਸਿਆ ਕਿ ਇਸ ਮੰਤਵ ਲਈ ਕੁਲਾਣਾ ਚੌਕ ਦੇ ਨਜ਼ਦੀਕ ਦੋ ਹਾਲ ਕਮਰੇ ਕਿਰਾਏ 'ਤੇ ਲੈ ਕੇ, ਬਾਕੀ ਲੋੜੀਂਦਾ ਸਾਮਾਨ ਖ਼ਰੀਦ ਕੇ 1 ਅਕਤੂਬਰ ਤੋਂ ਇਹ ਕੋਚਿੰਗ ਸੈਂਟਰ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਸੈਂਟਰ ਵਿੱਚ ਉੱਭਰਦੇ ਖਿਡਾਰੀਆਂ ਨੂੰ ਉੱਘੇ ਕੋਚਾਂ ਤੇ ਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੁਆਰਾ ਕੋਚਿੰਗ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸਮੇਂ ਸਮੇਂ 'ਤੇ ਬਾਹਰੋਂ ਉੱਘੇ ਕੋਚਾਂ ਬੁਲਾ ਕੇ ਖਿਡਾਰੀਆਂ ਦੀ ਖੇਡ ਨੂੰ ਤਰਾਸ਼ ਕੇ ਉਨ੍ਹਾਂ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੱਕ ਖੇਡਣ ਦੇ ਕਾਬਲ ਬਣਾਉਣ ਦੇ ਯਤਨ ਕੀਤੇ ਜਾਣਗੇ। ਐਸੋਸੀਏਸ਼ਨ ਦਾ ਮੁੱਖ ਦਫਤਰ ਵੀ ਇਸੇ ਬਿਲਡਿੰਗ ਵਿੱਚ ਹੋਵੇਗਾ। ਐਸੋਸੀਏਸ਼ਨ ਦੀ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ।

'ਇੰਗਲਿਸ਼ ਸਟੂਡੀਓ' ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਕੋਟਕਪੂਰਾ ਰੋਡ 'ਤੇ ਸਥਿਤ ਸੰਸਥਾ ਇੰਗਲਿਸ਼ ਸਟੂਡੀਓ ਸਟੱਡੀ ਵੀਜ਼ਾ ਲਵਾਉਣ ਵਿੱਚ ਮੋਹਰੀ ਬਣ ਚੁੱਕੀ ਹੈ। ਗੈਪ ਤੇ ਰਿਫਿਊਜ਼ਲ ਤੋਂ ਪ੍ਰੇਸ਼ਾਨ ਹੋਏ ਵਿਦਿਆਰਥੀਆਂ ਦਾ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਪੂਰਾ ਕਰ ਰਹੀ ਹੈ। ਇਸ ਵਾਰ ਸੰਸਥਾ ਨੇ ਵਿਦਿਆਰਥਣ ਮਨਵੀਰ ਕੌਰ ਸਪੁੱਤਰੀ ਮੁਖਤਿਆਰ ਸਿੰਘ ਵਾਸੀ ਕੋਟਲਾ ਰਾਏ ਕਾ ਦਾ ਤਿੰਨ ਸਾਲ ਦੇ ਗੈਪ ਦੇ ਬਾਵਜੂਦ ਕੈਨੇਡਾ ਵਿੱਚ ਸਥਿਤ ਵੈਸਟਰਨ ਕਮਿਊਨਿਟੀ ਕਾਲਜ ਦਾ ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

'ਕਿੰਜ ਨਸ਼ਾ ਮੁਕਤ ਹੋਵੇ ਪੰਜਾਬ' 'ਤੇ ਗੋਸ਼ਟੀ 24 ਨੂੰ

ਸੰਗਰੂਰ (ਪ੍ਰਵੀਨ ਸਿੰਘ)-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 24 ਸਤੰਬਰ ਨੂੰ ਸਵੇਰੇ 10 ਵਜੇ ਹਰਮਨ ਹੋਟਲ ਸੰਗਰੂਰ ਵਿਖੇ ਮਹੀਨੇਵਾਰ ਸਾਹਿਤਕ ਸਮਾਗਮ ਹੋ ਰਿਹਾ

page-6-19-Sep-2023-(SM).qxd 9/18/2023 11:06 PM Page 1

ਕਲਾਸੀਫਾਈਡ ਇਸ਼ਤਿਹਾਰ

Public Notice

I, Gurbachan Singh S/o Meha Singh S/o Polo Ram R/o Village Raghwal P.O. Manhota, Tehsil Dasuya, Distt. Hoshiarpur, Punjab, declare that my name written wrongly Harbhajan Singh S/o Meha Singh S/o Polo Ram in revenue record of Village Raghwal Hadd Bast No. 469. According to my Aadhar Card, Voter Card my correct name is Gurbachan Singh S/o Meha Singh S/o Polo Ram be amended in revenue record Village Raghwal Hadd Bast No. 469. (Dogra)

I, Surinder Pal Sharma S/o Tirath Ram Sharma R/o 769/1, Street No. 3, Batala Road, Rajinder Nagar, Amritsar, Punjab declare that my father was known by two names Tirath Ram and Tirath Ram Sharma. Tirath Ram and Tirath Ram Sharma is one and the same person.

I, Sunita Rani W/o Gulshan Kumar R/o H.No. W.L-339, Basti Guzan, Jalandhar, Punjab declare that my daughter in law Pooja W/o Mukesh Kumar is out of my control. I disinherit her from my moveable and immovable properties. I myself my husband and family members shall not be held responsible for any of her acts, deeds and things. All please note.

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਚੰਦਰ ਗੌਦ, ਆਈ ਏ ਐੱਸ ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।

ਵਿਸ਼ਾ : ਕੇਸ ਨੰਬਰ ਤਕਸੀਮ 06/2022 (66/2022 ਅਪੀਲ) ਸੁਖਪਾਲ ਸਿੰਘ ਬਨਾਮ ਗੁਰਦੇਵ ਸਿੰਘ ਪਿੰਡ ਨਰੂਆਣਾ ਤਹਿਸੀਲ ਤੇ ਜ਼ਿਲ੍ਹਾ ਬਠਿੰਡਾ।

ਨੋਟਿਸ ਬਨਾਮ-2) ਸੁਰਜੀਤ ਕੌਰ ਪੁੱਤਰੀ ਚੰਦ ਕੌਰ ਵਿਧਵਾ ਪਤਨੀ ਭਾਨ ਸਿੰਘ 3) ਤਾਰੂ ਸਿੰਘ ਪੁੱਤਰ ਜਗਦੇਵ ਕੌਰ ਪੁੱਤਰੀ ਚੰਦ ਕੌਰ 8) ਦੇ ਵਾਰਿਸ i) ਬਸੰਤ ਕੌਰ ਪਤਨੀ ਜਲੌਰ ਸਿੰਘ ਵਾਸੀਆਨ ਨਰੂਆਣਾ ਤਹਿਸੀਲ ਤੇ ਜ਼ਿਲ੍ਹਾ ਬਠਿੰਡਾ ਦਾ ਜੇਕਰ ਕੋਈ ਵਾਰਿਸ ਹੋਵੇ) 8) ਦੇ ਵਾਰਸ (ii ਗੁਰਮੀਤ ਕੌਰ ਪੁੱਤਰੀ ਜਲੌਰ ਸਿੰਘ, iii) ਜਸਵਿੰਦਰ ਕੌਰ ਪੁੱਤਰੀ ਜਲੌਰ ਸਿੰਘ, iv) ਗੁਰਪ੍ਰੀਤ ਕੌਰ ਪੁੱਤਰੀ ਜਲੌਰ ਸਿੰਘ, v) ਹਰਬੰਸ ਸਿੰਘ ਪੁੱਤਰ ਜਲੌਰ ਸਿੰਘ vi) ਰਾਜਾ ਸਿੰਘ ਪੁੱਤਰ ਜਲੌਰ ਸਿੰਘ ਵਾਸੀਆਨ ਨਰੂਆਣਾ ਤਹਿਸੀਲ ਤੇ ਜ਼ਿਲ੍ਹਾ ਬਠਿੰਡਾ, 12) ਕਰਮ ਸਿੰਘ ਪੁੱਤਰ ਕੌਰ ਸਿੰਘ ਪੁੱਤਰ ਮੁਖਤਿਆਰ ਸਿੰਘ 13) ਸਤਨਾਮ ਸਿੰਘ ਪੁੱਤਰ ਗੁਰਚਰਨ ਸਿੰਘ ਉਰਫ ਤੋਤਾ ਸਿੰਘ ਪੁੱਤਰ ਮੁਖਤਿਆਰ ਸਿੰਘ 14) ਭੂਰਾ ਸਿੰਘ ਪੁੱਤਰ ਹਮੀਰ ਸਿੰਘ ਪੁੱਤਰ ਰਣਜੀਤ ਸਿੰਘ 15) ਬੇਤਾ ਸਿੰਘ ਪੁੱਤਰ ਹਮੀਰ ਸਿੰਘ ਪੁੱਤਰ ਰਣਜੀਤ ਸਿੰਘ 16) ਗੁਰਚਰਨ ਸਿੰਘ ਪੁੱਤਰ ਹਮੀਰ ਸਿੰਘ ਪੁੱਤਰ ਰਣਜੀਤ ਸਿੰਘ 18) ਗੁਰਤੇਜ ਸਿੰਘ ਪੁੱਤਰ ਇੰਦਰ ਸਿੰਘ ਪੁੱਤਰ ਖੇਤਾ ਸਿੰਘ 19) ਜਰਨੈਲ ਸਿੰਘ ਪੁੱਤਰ ਇੰਦਰ ਸਿੰਘ ਪੁੱਤਰ ਖੇਤਾ ਸਿੰਘ 20) ਹਰਮੀਤ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਸੁੱਚਾ ਸਿੰਘ 21) ਰਛਪਾਲ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਸੁੱਚਾ ਸਿੰਘ 22) ਤਰਲੋਚਨ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਸੁੱਖਾ ਸਿੰਘ 23) ਸੁਖਦੇਵ ਸਿੰਘ ਪੁੱਤਰ ਭਾਗਾ ਸਿੰਘ ਪੁੱਤਰ ਪ੍ਰੇਮ ਸਿੰਘ 28) ਭਾਗਾ ਸਿੰਘ ਪੁੱਤਰ ਲਹਿਣਾ ਸਿੰਘ ਪੁੱਤਰ ਕੁੰਡਾ ਸਿੰਘ ਸਾਰੇ ਵਾਸੀਆਨ ਪਿੰਡ ਨਰੂਆਣਾ ਤਹਿਸੀਲ ਤੇ ਜ਼ਿਲ੍ਹਾ ਬਠਿੰਡਾ 29) ਕੇਨਰਾ ਬੈਂਕ ਬਰਾਂਚ ਜੋਧਪੁਰ ਰੁਮਾਣਾ ਰਾਹੀਂ ਮੈਨੇਜਰ 30, 31) ਪੰਜਾਬ ਐਂਡ ਸਿੰਧ ਬੈਂਕ ਬਰਾਂਚ ਸਿਵਲ ਲਾਈਨਜ਼ ਬਠਿੰਡਾ।

ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਉੱਤਰਵਾਦੀ ਦੀ ਇਤਲਾਹ ਸਰਸਰੀ ਢੰਗ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਉੱਤਰਵਾਦੀ ਵਿਸ਼ੇ ਵਿੱਚ ਦਰਜ ਕੇਸ ਦੀ ਪੈਰਵੀ ਕਰਨੀ ਚਾਹੁੰਦਾ/ਚਾਹੁੰਦੀ ਹੈ ਤਾਂ ਉਹ ਅਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਮਿਤੀ 11-10-2023 ਤੋਂ ਪਹਿਲਾਂ-ਪਹਿਲਾਂ ਪੇਸ਼ ਹੋਕਰ ਕੇਸ ਦੀ ਪੈਰਵੀ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਕੇਸ ਮਿਤੀ 11-10-2023 ਨੂੰ ਸੁਣਵਾਈ ਲਈ ਨਿਯਤ ਹੈ।

ਇਹ ਨੋਟਿਸ ਅੱਜ ਮੇਰੇ ਦਸਤਖਤਾਂ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ ਹੈ।

ਸਹੀ/-ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।
ਪਿੱਠ ਅੰਕਣ ਨੰਬਰ ਪੇਸ਼ੀ : 2023

CRIMINAL COURTS LUDHIANA

In the Court of
Ms. Prabha Prashar
Judicial Magistrate-1st Class Ludhiana,
CNR No. PBLD 03-040429-2019
Peshi 19-10-23
Publication Notice for
Proclamation Under Section 82 Cr. PC
Chaman Cap House
vs. Riya Garments

Petition U/s 138 of Negotiable Instruments Act 1881 Amended Up to Date

Notice to :

1. M/s Riya Garments Near Clock Tower, Street Geeta Bhawan Fazilka (Pb.) 152123 , 2. Sh. Sanjeet Kumar, Authorized Signatory, Partner of M/s Riya Garments, Near Clock Tower, Street Geeta Bhawan, Fazilka (Pb.), 152123.

Whereas it has been proved to the satisfaction of the Court that the accused above named cannot be served in the ordinary way of service. Hence this proclamation under Section 82 CRPC is hereby issued against him/them should appear personally or through their Counsel on 19-10-2023 at 10.00 a.m.

Take notice that default of his/their appearance on the day before mentioned, the above said case will be heard and determined and in/their absence.

Given under my hand and the seal of the Court this

For details logon to https://highcourtchd.gov.in/?trs=district_notice&district= Ludhiana.

Judicial Magistrate, 1st Class, Ludhiana.

COURT NOTICE

In the Court of
Sh. Tarunpreet Singh
Judicial Magistrate-1st Class, Ludhiana
COMA/8600/2020
CNR No. PBLD 03-047964-2020
Next Date : 19-10-2023
Shiv Steel Industries
vs.
M/s Sudesh Sons

Publication Issued to : 1. M/s Sudesh Sons, Plot no. 6450, St. No. 3, New Janta Nagar, Ludhiana through its Proprietor Kamal Malhotra, 2. Kamal Malhotra Proprietor M/s Sudesh Sons, Plot No. 6450, St. No. 3, New Janta Nagar, Ludhiana Second Address House No. 98, Labour Society, Near Mandir Gill Chowk, Ludhiana (M) 83603-07374.

In above titled case, the accused could not be served. It is ordered that accused should appear in person or through counsel on 19-10-2023 at 10.00 a.m.

For details logon to https://highcourtchd.gov.in/?trs=district_notice&district=Ludhiana.

Judicial Magistrate-1st Class, Ludhiana
Dated, this day of 08-09-2023

CRIMINAL COURTS LUDHIANA

In the Court of
Ms. Prabha Prashar,
Judicial Magistrate-1st Class Ludhiana.
CNR No. : PBLD 03-025726-2019
Peshi : 16-10-2023
Publication Notice for Proclamation
Under Section 82 CR.PC
Axis Bank Vs. Sukhchain Singh

Petition U/s 138 of Negotiable Instruments Act 1881 Amended Up to Date

Notice to :

1. Sukhchain Singh S/o Baljit Singh R/o Village Kanjari, P.O. Shamaspur, Tehsil Amloh, Distt. Fatehgarh Sahib, Punjab, 2. Baljit Singh S/o Gurdev Singh R/o Village Kanjari, P.O Shamaspur, Tehsil Amloh, Distt. Fatehgarh Sahib, Punjab.

Whereas it has been proved to the satisfaction of the Court that the accused above named cannot be served in the ordinary way of service. Hence this proclamation under 82 CRPC is hereby issued against him/them should appear personally or through their Counsel on 16-10-2023 at 10.00 a.m.

Take notice that default of his/their appearance on the day before mentioned, the above said case will be heard and determined and in/their absence.

Given under my hand and the seal of the Court this

For details logon to https://highcourtchd.gov.in/?trs=district_notice&district=Ludhiana.

Judicial Magistrate, 1st Class, Ludhiana.

CRIMINAL COURTS LUDHIANA

In the Court of
Ms. Prabha Prashar
Judicial Magistrate-1st Class Ludhiana
CNR No. PBLD 03-025719-2019
Peshi : 16-10-2023
Publication Notice for Proclamation
Under Section 82 Cr. PC
Axis Bank Vs.
Balwinder Kaur and ANR

Petition U/s 138 of negotiable Instruments Act, 1881 Amended Up to Date

Notice to

Kuldeep Singh R/o Village Rukna Begu, Tehsil and District Ferozepur, Punjab-152004.

Whereas it has been proved to the satisfaction of this Court that the accused above named cannot be served in the ordinary way of service. Hence this proclamation under 82 CRPC is hereby issued against him/them should appear personally or through their Counsel on 16-10-2023 at 10.00 a.m.

Take notice that default of his/their appearance on the day before mentioned, the above said case will be heard and determined and in/their absence.

Given under my hand and the seal of the Court this

For details logon to https://highcourtchd.gov.in/?trs=district_notice&district= Ludhiana.

Judicial Magistrate, 1st Class, Ludhiana.

COURT NOTICE

(U/o 5 Rule 20 CPC)
In the Court of
Ms. Rajwinder Kaur-II
Civil Judge (Junior Division),
Ludhiana
CNR No. PBLD 02-009451-2021
Next Date : 09-10-2023
State Bank of India
vs.
Prince Kumar

Publication Issued to : 1 Prince Kumar Father ; Sh. Ram Lal, 2. Monu Gambhir W/o Prince Kumar H. No. 212, HM Colony Metro Road, LDH.

In above titled case, the defendant(s)/respondent(s) could not be served. It is Ordered that defendant(s)/respondent(s) should appear in person or through counsel on 09-10-2023 at 10.00 a.m.

For details logon to https:/highcourtchd.gov.in/?trs=district_notice&district=Ludhiana.

Civil Judge (Junior Division),
Ludhiana.
Dated, this day of 11-09-2023

COURT NOTICE

(U/o 5 Rule 20 CPC)
In the Court of
Sh. Amrinder Pal Singh,
Additional District and Sessions Judge, Ludhiana
CNR NO. PBLD 01-026207-2022 Next Date : 13-10-2023
Kaka Singh Vs. Jasvir Singh

Publication Issued to : 2. Malkit Singh S/o Sh. Bhag Singh R/o Village Jaspal Bangar, Tehsil and Distt. Ludhiana, 3 Pritam Kaur D/o Sh. Nand Singh R/o Sahnewal, Tehsil and Distt. Ludhiana, 4. Charanjit Singh S/o Shrinand Singh, 5. Jeet Kaur D/o Sh. Nand Singh both R/o Village Jaspal Bangar, Tehsil and Distt. Ludhiana, 6. Baljit Kaur D/o Sh. Kehar Singh, 7. Guddo D/o Sh. Kehar Singh, 8. Sandeep Kaur D/o Sh. Kehar Singh, 9. Bholi D/o Sh. Kehar Singh, 10. Hardeep Kaur D/o Sh. Kehar Singh All R/o Village Jaspal Bangar, Tehsil and Distt. Ludhiana, 11. Harjit Singh S/o Sh. Maghar Singh & Bhan Kaur (D/o Sh. Harnam Singh), 12. Kharar Singh S/o Sh. Maghar Singh & Bhan Kaur (D/o Sh. Harnam Singh), 13. Surjit Kaur D/o Sh. Maghar Singh & Bhan Kaur (D/o Harnam Singh) All R/o Village Phullanwal, Pakhowal Road, Ludhiana.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2023 at 10.00 a.m.

For details logon to : https://highcourtchd.gov.in/?trs=district_notice&district=Ludhiana.

Additional District and Sessions Judge,
Ludhiana.
Dated, this day of 28-08-2023

Public Notice

I, Baljit Kaur W/o Late vir Singh vpo Behbalpur Tehsil Garhshankar Distt Hoshiarpur that my passport Husband's name is Bir Singh. I have changed my passport husband name Bir Singh to Vir Singh.

I Jaswinder Singh S/o Avtar Singh Vpo Nangal kalan Tehsil Garhshankar Distt Hoshiarpur that my Passport wife name is Sarabjeet Kaur. I have changed my passport wife name Sarabjeet kaur to Sarabjit Kaur.

ਆਮ ਸੂਚਨਾ

ਮੈਂ, ਸਤਨਾਮ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਕਮਾਲਪੁਰ, ਤਹਿ. ਸੁਲਤਾਨਪੁਰ ਲੋਧੀ, ਜਿਲ੍ਹਾ ਕਪੂਰਥਲਾ। ਇਹ ਹੈ ਕਿ ਮੇਰਾ ਲੜਕਾ ਅਮਨਦੀਪ ਸਿੰਘ ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਸੀ। ਮੈ ਉਸ ਨੂੰ ਬੇਦਖਲ ਕਰ ਦਿੱਤਾ ਸੀ। ਹੁਣ ਉਹ ਮੇਰੇ ਕਹਿਣੇਕਾਰ ਵਿਚ ਹੈ, ਮੈ ਉਸ ਦੀ ਬੇਦਖਲੀ ਨੋਟਿਸ ਵਾਪਸ ਲੈਦਾ ਹਾਂ । ਹੁਣ ਮੇਰਾ ਲੜਕਾ ਅਮਨਦੀਪ ਸਿੰਘ ਮੇਰੀ ਚੱਲ ਤੇ ਅਚੱਲ ਜਾਏਦਾਦ ਵਿਚ ਪੂਰਾ ਹਿੱਸੇਦਾਰ ਹੈ।

ਮੈਂ, ਨੇਕ ਸਿੰਘ ਮੁਤਬੰਨਾ ਕਰਤਾਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਮਾਣੂੰਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਇਹ ਕਿ ਅਧਾਰ ਕਾਰਡ ਵਿੱਚ ਮੇਰਾ ਨਾਂਅ ਹਰਨੇਕ ਸਿੰਘ ਪੁੱਤਰ ਬਿੱਕਰ ਸਿੰਘ ਪੁੱਤਰ ਇੰਦਰ ਸਿੰਘ ਹੈ। ਉਕਤ ਦੋਨੋਂ ਨਾਂਅ ਸਹੀ ਤੇ ਦਰੁੱਸਤ ਹਨ। ਇਸ ਸੰਬੰਧੀ ਮੈਂ ਜ਼ਿੰਮੇਵਾਰ ਹਾਂ। ਇਹ ਕਿ ਮੈਂ ਉਕਤ ਦੋਵਾਂ ਨਾਵਾਂ ਦਾ ਇੱਕ ਹੀ ਵਿਅਕਤੀ ਹਾਂ।

ਮੈਂ, ਮੰਦਰ ਸਿੰਘ ਪੁੱਤਰ ਸਿੰਘ ਪਿੰਡ ਖਾਈ ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦਾ ਹਾਂ। ਇਹ ਕਿ ਮੇਰਾ ਨਾਂਅ ਜਮ੍ਹਾਂਬੰਦੀ ਵਿੱਚ ਮੰਦਰ ਸਿਘ ਅਤੇ ਅਧਾਰ ਕਾਰਡ ਵਿੱਚ ਸੁਖਮੰਦਰ ਸਿੰਘ ਹੈ। ਮੇਰੇ ਇੱਕ ਹੀ ਵਿਅਕਤੀ ਦੇ ਦੋ ਨਾਂਅ ਹਨ।

ਮੋਟਰ ਕਨੈਕਸ਼ਨ ਖਾਤਾ ਨੰਬਰ ਏ.ਪੀ.22/267 ਡਬਲਯੂ. ਦਰਸ਼ਨ ਸਿੰਘ ਪੁੱਤਰ ਅਰਜਨ ਸਿੰਘ ਨੂੰ ਆਪਣੇ ਨਾਮ ਕਰਨ ਲਈ ਪੁਸ਼ਪਿੰਦਰ ਕੌਰ ਪੁੱਤਰੀ ਹਰਭਜਨ ਸਿੰਘ ਹਿੱਸੇਦਾਰ ਰਰਬਾ ਕੋਹਾਲਾ ਤਹਿ: ਜੀਰਾ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐਸ.ਡੀ.ਓ. ਵੰਡ ਮੱਲਾਵਾਲਾ ਨਾਲ ਸੰਪਰਕ ਕਰੇ ।

ਮੈਂ, ਪਟੇਲ ਕਲਿਆਣ ਪੁੱਤਰ ਗੁਰਬਚਨ ਦਾਸ,ਬੀ-1/103 ਰਵਿਦਾਸ ਨਗਰ, ਗਲੀ ਨੰ. 03 ਨੇੜੇ ਸੇਕਰਡ ਹਾਰਟ ਹਸਪਤਾਲ ਮਕਸੂਦਾਂ ਜਲੰਧਰ ਸੂਚਿਤ ਕਰਦਾ ਹਾਂ ਕਿ ਮੈਂ ਪਟੇਲ ਕਲਿਆਣ, ਪਟੇਲ ਅਤੇ ਰੇਵ. ਪਟੇਲ ਕਲਿਆਣ ਦੇ ਨਾਂਅ ਨਾਲ ਵੀ ਜਾਣਿਆਂ ਜਾਂਦਾ ਹਾਂ। ਪਟੇਲ ਕਲਿਆਣ, ਪਟੇਲ ਅਤੇ ਰੇਵ. ਪਟੇਲ ਕਲਿਆਣ ਤਿੰਨੋਂ ਨਾਂਅ ਮੇਰੇ ਅਤੇ ਇੱਕੋਂ ਆਦਮੀ ਦੇ ਹਨ। ਸੰਬੰਧਤ ਨੋਟ ਕਰ ਲੈਣ।

ਇੱਕ ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰਬਰ ਏ ਪੀ 12/1776-ਵਾਈ, 3 ਬੀ ਐੱਚ ਪੀ ਜੋ ਕਰਨਜੀਤ ਸਿੰਘ ਪੁੱਤਰ ਮਨਵਿੰਦਰ ਸਿੰਘ ਵਾਸੀ ਪਿੰਡ ਘੁਰਾਲਾ, ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ 'ਤੇ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਨੂੰ ਮੇਰੇ ਭਰਾ ਜਸਤਿੰਦਰ ਸਿੰਘ ਪੁੱਤਰ ਮਨਵਿੰਦਰ ਸਿੰਘ ਵਾਸੀ ਪਿੰਡ ਘੁਰਾਲਾ, ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ 'ਤੇ ਬਦਲੀ ਕਰਨਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਸਬ-ਡਵੀਜ਼ਨ ਤਿੱਬੜ ਵਿਖੇ ਉਹ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹਾਂ। (ਡੋਗਰਾ)

ਮੈਂ, ਕਪਿਲ ਕੁਮਾਰ ਪੁੱਤਰ ਸੁਰਿੰਦਰ ਪਾਲ ਵਾਸੀ ਜੇਠਪੁਰ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਮੇਰੇ 10ਵੀਂ (ਰੋਲ ਨੰ. 1018279158) ਅਤੇ 12ਵੀਂ (ਰੋਲ ਨੰ. 2020396097) ਦੇ ਸਰਟੀਫਿਕੇਟਾਂ 'ਤੇ ਮੇਰਾ ਨਾਂਅ ਕਪਲ ਕੇ.ਟੀ. ਅਤੇ ਮੇਰੀ ਮਾਂ ਦਾ ਨਾਂਅ ਬਲਵੀਰ ਕੌਰ ਲਿਖਿਆ ਹੈ ਜੋ ਕਿ ਗਲਤ ਹੈ। ਮੇਰਾ ਸਹੀ ਨਾਂਅ ਕਪਿਲ ਕੁਮਾਰ ਹੈ। ਮੇਰੀ ਮਾਂ ਦਾ ਸਹੀ ਨਾਂਅ ਬਲਬੀਰ ਕੌਰ ਹੈ। ਕ੍ਰਿਪਾ ਕਰਕੇ ਮੇਰੇ 10ਵੀਂ ਅਤੇ 12ਵੀਂ ਦੇ ਸਕੂਲ ਸਰਟੀਫਿਕੇਟਾਂ 'ਤੇ ਮੇਰਾ ਨਾਂਅ ਦਰੁੱਸਤ ਕਰਕੇ ਕਪਿਲ ਕੁਮਾਰ ਅਤੇ ਮੇਰੀ ਮਾਂ ਦਾ ਨਾਂਅ ਬਲਬੀਰ ਕੌਰ ਲਿਖਿਆ ਜਾਵੇ। (ਕੇ.ਵੀ.)

ਬੇਦਖਲੀ ਨੋਟਿਸ

ਅਸੀਂ, ਵਰਿੰਦਰ ਕੁਮਾਰ ਪੁੱਤਰ ਦਰਸ਼ਨ ਲਾਲ, ਵੀਨਾ ਕੇਸਰ ਪਤਨੀ ਵਰਿੰਦਰ ਕੇਸਰ ਵਾਸੀ ਮਕਾਨ ਨੰ. 239-ਐੱਫ ਬਿਊਟੀ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਆਪਣੇ ਲੜਕੇ ਦੀਪਕ ਕੇਸਰ ਅਤੇ ਨੂੰਹ ਪ੍ਰੇਰਨਾ ਕੇਸਰ ਅਤੇ ਪੋਤਰਾ ਜੀਦਾਨ ਕੇਸਰ ਅਤੇ ਪੋਤਰੀ ਐਲੀਜਾ ਕੇਸਰ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਸਾਰੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ. (ਨਾਰੰਗ)

ਮੈਂ, ਪੀਮੀ ਪਤਨੀ ਵਿਜੈ ਕੁਮਾਰ ਵਾਸੀ ਬੀ-13/1126, ਬਾਬਾ ਕਬੀਰ ਨਗਰ ਕਾਲੇ ਘਨੂਪੁਰ ਅੰਮ੍ਰਿਤਸਰ ਆਪਣੇ ਲੜਕੇ ਤਰਨਜੀਤ ਸਿੰਘ ਅਤੇ ਇਸ ਦੀ ਪਤਨੀ ਪ੍ਰਿਆ ਕਹਿਣੇਕਾਰ ਨਾ ਹੋਣ ਕਾਰਨ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਭੋਲੀ ਪਤਨੀ ਬਿੱਟੂ ਵਾਸੀ ਪਿੰਡ ਇੰਬਨ ਖੁਰਦ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਆਪਣੇ ਲੜਕੇ ਵਿਜੈ ਕੁਮਾਰ ਅਤੇ ਨੂੰਹ ਰਚਨਾ ਦੇਵੀ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸਾਡਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। (ਨਾਰੰਗ)

ਮੈਂ, ਹਰਬੰਸ ਲਾਲ ਪੁੱਤਰ ਸ੍ਰੀ ਬਿਸ਼ਨ ਦਾਸ ਵਾਸੀ ਮਕਾਨ ਐੱਫ-13/290, ਵਰੈਂਡਸ ਕਾਲੋਨੀ, ਮਜੀਠਾ ਰੋਡ, ਅੰਮ੍ਰਿਤਸਰ ਆਪਣੇ ਲੜਕੇ ਸਾਹਿਲ ਸ਼ਰਮਾ ਅਤੇ ਉਸ ਦੀ ਪਤਨੀ ਸੁਕੰਨਿਆ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸਾਡਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। (ਨਾਰੰਗ)

ਮੈਂ, ਰਾਮ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਵੇਰਕਾ, ਇੰਦਰਾ ਕਾਨੋਲੀ, ਅੰਮ੍ਰਿਤਸਰ ਆਪਣੇ ਬੇਟੇ ਬਿਕਰਮਜੀਤ ਸਿੰਘ, ਇਸ ਦੀ ਪਤਨੀ ਰੂਪਾ ਅਤੇ ਇਨ੍ਹਾਂ ਦੇ ਬੱਚੇ ਜਸ਼ਨਦੀਪ ਸਿੰਘ, ਮੀਨੂੰ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸਾਡਾ ਇਸ ਨਾਲ ਕੋਈ ਸੰਬੰਧ ਨਹੀਂ ਹੈ। (ਨਾਰੰਗ)

ਮੈਂ, ਬਸੰਤ ਸਿੰਘ ਪੁੱਤਰ ਭਾਗ ਸਿੰਘ ਵਾਸੀ ਖੋਟੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜੀਵਨ ਸਿੰਘ ਅਤੇ ਮੇਰੀ ਨੂੰਹ ਹਰਜੋਤ ਕੌਰ ਅਤੇ ਪੋਤਰੇ ਰਾਮ ਸਿੰਘ ਉਕਤ ਤਿੰਨੋਂ ਮੇਰੇ ਕਹਿਣੇ ਤੋਂ ਬਾਹਰ ਹਨ, ਇਸ ਲਈ ਮੈਂ ਇਨ੍ਹਾਂ ਤਿੰਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁ

19-SEP-PAGE-7.qxd 9/18/2023 10:58 PM Page 1

ਸਰਪੰਚ ਯੂਨੀਅਨ ਦੇ ਆਗੂਆਂ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ

■ ਪ੍ਰਦਰਸ਼ਨਕਾਰੀਆਂ ਨੇ ਡੀ ਸੀ ਨੂੰ ਮੰਗ ਪੱਤਰ ਸੌਂਪਿਆ

ਮੰਗਾਂ ਨੂੰ ਲੈ ਕੇ ਡੀ ਸੀ ਦਫ਼ਤਰ ਅੱਗੇ ਧਰਨਾ ਦਿੰਦੇ ਹੋਏ ਸਰਪੰਚ ਯੂਨੀਅਨ ਪੰਜਾਬ ਫਿਰੋਜ਼ਪੁਰ ਦੇ ਆਗੂ।

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਸਰਪੰਚ ਪੰਜਾਬ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਅਹੁਦੇਦਾਰਾਂ ਨੇ ਸੋਮਵਾਰ ਆਪਣੀਆਂ ਮੰਗਾਂ ਨੂੰ ਲੈ ਕੇ ਡੀ ਸੀ ਦਫ਼ਤਰ ਅੱਗੇ ਧਰਨਾ ਦਿੱਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਯੂਨੀਅਨ ਆਗੂਆਂ ਨੇ ਆਪਣੀਆਂ ਮੰਗਾਂ ਨਾਲ ਸਬੰਧਤ ਮੰਗ ਪੱਤਰ ਡੀ ਸੀ ਫਿਰੋਜ਼ਪੁਰ ਨੂੰ ਸੌਂਪ ਕੇ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ।ਇਸ ਮੌਕੇ ਯੂਨੀਅਨ ਆਗੂਆਂ ਹੰਸਾ ਸਿੰਘ, ਕੁਲਵੰਤ ਸਿੰਘ, ਮੰਗਲ ਸਿੰਘ, ਗੁਰਦੇਵ ਸਿੰਘ, ਪਰਮਜੀਤ ਸਿੰਘ ਆਦਿ ਨੇ ਕਿਹਾ ਕਿ ਪਿੰਡਾਂ ਵਿੱਚ ਸਰਪੰਚਾਂ ਵੱਲੋਂ ਕੀਤੇ ਵਿਕਾਸ ਕਾਰਜਾਂ ਦੀ ਅਦਾਇਗੀ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਵੱਲੋਂ ਨਹੀਂ ਕੀਤੀ ਜਾ ਰਹੀ ਅਤੇ ਵਿਕਾਸ ਦੇ ਕੰਮ ਅਧੂਰੇ ਹਨ।ਕੰਮ ਦੀ ਰਾਸ਼ੀ ਨਾ ਮਿਲਣ ਤੇ ਸਬੰਧਤ ਫਰਮਾਂ ਵੱਲੋਂ ਕੰਮ ਲਈ ਮਟੀਰੀਅਲ ਨਹੀਂ ਦਿੱਤਾ ਜਾ ਰਿਹਾ ਹੈ ਅਤੇ ਪਹਿਲੇ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਦੇ ਚੱਲਦੇ ਅਸੀਂ ਮੰਗ ਕਰਦੇ ਹਾਂ ਕਿ ਜਿਸ ਤਰ੍ਹਾਂ ਪਹਿਲੀ ਸਰਕਾਰ ਦੇ ਸਮੇਂ ਜੇ ਈ ਦੀ ਰਿਪੋਰਟ ਆਉਣ ਤੋਂ ਬਾਅਦ ਐਸਟੀਮੇਟ ਅਨੁਸਾਰ ਅਦਾਇਗੀ ਕੀਤੀ ਗਈ ਸੀ, ਉਸੇ ਤਰ੍ਹਾਂ ਹੁਣ ਚੋਣਾਂ ਦਾ ਸਮਾਂ ਘੱਟ ਹੋਣ ਕਾਰਨ ਪੰਚਾਇਤਾਂ ਨੂੰ ਤੁਰੰਤ ਅਦਾਇਗੀ ਕੀਤੀ ਜਾਵੇ।ਇਸ ਦੇ ਨਾਲ ਹੀ ਬਲਾਕ ਘੱਲ ਖੁਰਦ ਤੇ ਬਲਾਕ ਮਮਦੋਟ ਅਧੀਨ ਆਉਂਦੀਆਂ ਪੰਚਾਇਤਾਂ ਵੱਲੋਂ ਆਪਣੇ ਪਿੰਡਾਂ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਦੇ ਬਿੱਲ ਬਲਾਕ ਘੱਲ ਖੁਰਦ ਤੇ ਬਲਾਕ ਮਮਦੋਟ ਦੇ ਬੀਡੀਪੀਓ ਵੱਲੋਂ ਪਾਸ ਨਹੀਂ ਕੀਤੇ ਜਾ ਰਹੇ ਹਨ ਅਤੇ ਪੰਚਾਇਤਾਂ ਨੂੰ ਕਿਹਾ ਜਾ ਰਿਹਾ ਹੈ ਕਿ ਬਿੱਲ ਬਣ ਜਾਣਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਉਪਰੋਕਤ ਮੰਗਾਂ ਦਾ ਨਿਪਟਾਰਾ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਦੀਆਂ ਹੋਰ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ, ਤਾਂ ਜੋ ਉਹ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਨਾ ਹੋਣ।

ਨਜਾਇਜ਼ ਸ਼ਰਾਬ ਸਮੇਤ ਦੋ ਨੌਜਵਾਨ ਕਾਬੂ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਮਹਿਲ ਕਲਾਂ ਪੁਲਸ ਨੇ ਪਿੰਡ ਮਹਿਲ ਖ਼ੁਰਦ ਦੇ ਨੌਜਵਾਨ ਆਗੂ ਤੇ ਉਸ ਦੇ ਸਾਥੀ ਨੂੰ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਹਿਲ ਕਲਾਂ ਪੁਲਸ ਨੂੰ ਗੁਪਤ ਸੂਚਨਾ ਮਿਲੀ ਕਿ ਪਿੰਡ ਮਹਿਲ ਖ਼ੁਰਦ ਨਾਲ ਸਬੰਧਤ ਦੋ ਨੌਜਵਾਨਾਂ ਹਰਗੋਪਾਲ ਸਿੰਘ ਉਰਫ਼ ਪਾਲਾ ਤੇ ਭਗਤ ਸਿੰਘ ਨੇ ਕਥਿਤ ਤੌਰ 'ਤੇ ਇਕ ਗੈਂਗ ਬਣਾਇਆ ਹੋਇਆ ਹੈ, ਜੋ ਬਾਹਰਲੇ ਰਾਜਾਂ ਤੋਂ ਸਸਤੇ ਰੇਟਾਂ 'ਤੇ ਸ਼ਰਾਬ ਲਿਆ ਕੇ ਇੱਥੇ ਸਪਲਾਈ ਕਰਨ ਦਾ ਨਜਾਇਜ਼ ਕਾਰੋਬਾਰ ਕਰਦੇ ਹਨ। ਇਹ ਵਿਅਕਤੀ ਆਪਣੀ ਸਕਾਰਪੀਓ ਗੱਡੀ 'ਚ ਸ਼ਰਾਬ ਭਰ ਕੇ ਮਹਿਲ ਕਲਾਂ ਇਲਾਕੇ ਅੰਦਰ ਸਪਲਾਈ ਕਰਦੇ ਦੇਖੇ ਗਏ ਤਾਂ ਪੁਲਸ ਨੇ ਫ਼ੌਰੀ ਕਾਰਵਾਈ ਕਰਦਿਆਂ ਹਰਗੋਪਾਲ ਸਿੰਘ ਉਰਫ਼ ਪਾਲਾ ਤੇ ਉਸ ਦੇ ਸਾਥੀ ਨੂੰ ਹਰਿਆਣਾ ਨੰਬਰ ਸਕਾਰਪੀਓ ਗੱਡੀ, 5 ਪੇਟੀਆਂ ਮਾਲਟਾ ਹਰਿਆਣਾ, 9 ਪੇਟੀਆਂ ਸਾਰੀ ਹਰਿਆਣਾ, 20 ਪੇਟੀਆਂ ਰਾਣੋ ਸੋਢੀ ਪੰਜਾਬ ਸਮੇਤ ਕਾਬੂ ਕੀਤਾ। ਸਹਾਇਕ ਥਾਣੇਦਾਰ ਨਾਇਬ ਸਿੰਘ ਨੇ ਦੱਸਿਆ ਕਿ ਦੋਵਾਂ ਦੋਸ਼ੀਆਂ ਖਿਲਾਫ਼ ਮੁਕੱਦਮਾ ਨੰਬਰ 58 ਐਕਸਾਈਜ਼ ਐਕਟ ਦੀ ਧਾਰਾ 61/1/14, 78 (2) ਤਹਿਤ ਪਰਚਾ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ।

ਸਮਾਜ ਨਿਰਮਾਣ 'ਚ ਲੜਕੀਆਂ ਦਾ ਅਹਿਮ ਯੋਗਦਾਨ : ਸ਼੍ਰੀਵਾਸਤਾ

■ ਨਿਆਮੂ ਮਾਜਰਾ 'ਚ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਅਧੀਨ ਜਾਗਰੂਕਤਾ ਸਮਾਗਮ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਅੱਜ ਦੇ ਦੌਰ ਵਿੱਚ ਲੜਕੀਆਂ ਦਾ ਸਮਾਜ ਨਿਰਮਾਣ ਵਿੱਚ ਅਹਿਮ ਯੋਗਦਾਨ ਹੈ ਅਤੇ ਆਪਣੀਆਂ ਬੇਟੀਆਂ ਨੂੰ ਲੜਕਿਆਂ ਵਾਂਗ ਅੱਗੇ ਵਧਣ ਦੇ ਬਰਾਬਰ ਮੌਕੇ ਪ੍ਰਦਾਨ ਕਰਨਾ ਹਰੇਕ ਮਾਂ-ਬਾਪ ਦਾ ਫਰਜ਼ ਬਣਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਵਿਸ਼ੇਸ਼ ਮੁੱਖ ਸਕੱਤਰ ਸ਼੍ਰੀਮਤੀ ਰਾਜੀ ਪੀ. ਸ਼੍ਰੀਵਾਸਤਵਾ ਨੇ ਪਿੰਡ ਨਿਆਮੂ ਮਾਜਰਾ ਵਿਖੇ 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਅਧੀਨ ਕਰਵਾਏ ਗਏ ਜਾਗਰੂਕਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ ਜਦੋਂ ਲੜਕੀਆਂ ਨੂੰ ਲੜਕਿਆਂ ਵਾਂਗ ਅੱਗੇ ਵਧਣ ਦੇ ਮੌਕੇ ਪ੍ਰਦਾਨ ਨਹੀਂ ਕੀਤੇ ਜਾਂਦੇ ਸਨ, ਪ੍ਰੰਤੂ ਅੱਜ ਸਾਡੀਆਂ ਬੇਟੀਆਂ ਨੇ ਸਮਾਜ ਦੇ ਹਰੇਕ ਖੇਤਰ ਵਿੱਚ ਬੇਮਿਸਾਲ ਮੱਲਾਂ ਮਾਰ ਕੇ ਸਾਬਿਤ ਕੀਤਾ ਹੈ ਕਿ ਉਹ ਕਿਸੇ ਵੀ ਪੱਖੋਂ ਘੱਟ ਨਹੀਂ ਹਨ। ਉਨ੍ਹਾਂ ਮਾਪਿਆਂ ਨੂੰ ਸੱਦਾ ਦਿੱਤਾ ਕਿ ਆਪਣੀਆਂ ਬੇਟੀਆਂ ਨੂੰ ਬੇਟਿਆਂ ਵਾਂਗ ਹੀ ਪਿਆਰ ਤੇ ਸਤਿਕਾਰ ਨਾਲ ਪਾਲਣ ਪੋਸ਼ਣ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਵਿੱਚ ਕਿਸੇ ਕਿਸਮ ਦੀ ਹੀਣ ਭਾਵਨਾ ਪੈਦਾ ਨਾ ਹੋ ਸਕੇ। ਉਨ੍ਹਾ ਸਮਾਗਮ 'ਚ ਆਈਆਂ ਔਰਤਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਐੱਸ.ਡੀ.ਐੱਮ. ਬਸੀ ਪਠਾਣਾ ਡਾ: ਸੰਜੀਵ ਕੁਮਾਰ ਨੇ ਕਿਹਾ ਕਿ ਬੇਟੀ ਜਿਸ ਘਰ ਵਿੱਚ ਪੈਦਾ ਹੁੰਦੀ ਹੈ, ਉਹ ਘਰ ਸਵਰਗ ਬਣ ਜਾਂਦਾ ਹੈ ਤੇ ਇਤਿਹਾਸ ਗਵਾਹ ਹੈ ਕਿ ਬੇਟੀਆਂ ਨੇ ਹਮੇਸ਼ਾ ਆਪਣੇ ਮਾਪਿਆਂ ਦਾ ਸਿਰ ਉੱਚਾ ਚੁੱਕਣ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਲੜਕੀਆਂ ਦੀ ਉਚੇਰੀ ਸਿੱਖਿਆ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਲੜਕੀਆਂ ਦੀ ਉਚੇਰੀ ਸਿੱਖਿਆ ਬਹੁਤ ਜ਼ਰੂਰੀ ਹੈ, ਕਿਉਂਕਿ ਜੇਕਰ ਇੱਕ ਪਰਿਵਾਰ ਵਿੱਚ ਇੱਕ ਲੜਕੀ ਪੜ੍ਹ ਜਾਵੇ ਤਾਂ ਉਹ ਪੂਰੇ ਪਰਿਵਾਰ ਨੂੰ ਪੜ੍ਹਾ ਸਕਦੀ ਹੈ। ਉਨ੍ਹਾ ਕਿਹਾ ਕਿ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਨ੍ਹਾ ਬੇਟੀਆਂ ਨੂੰ ਮਾਰਸ਼ਲ ਆਰਟ ਦੀ ਸਿਖਲਾਈ ਦਿਵਾਉਣ ਦਾ ਸੱਦਾ ਵੀ ਦਿੱਤਾ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀ ਗੁਰਮੀਤ ਸਿੰਘ ਨੇ ਮਾਪਿਆਂ ਨੂੰ ਬੇਟੀਆਂ ਦੇ ਨਾਮ ਦੀਆਂ ਨਾਮ ਪਲੇਟਾਂ ਵੰਡਦੇ ਹੋਏ ਸੱਦਾ ਦਿੱਤਾ ਕਿ ਉਹ ਸਮਾਜ ਅੰਦਰ ਲੜਕੀਆਂ ਦੀ ਮਹੱਤਤਾ ਨੂੰ ਵੇਖਦੇ ਹੋਏ ਆਪਣੇ ਘਰਾਂ ਦੇ ਮੂਹਰੇ ਬੇਟੀ ਦੇ ਨਾਮ ਦੀ ਨਾਮ ਪਲੇਟ ਲਗਾਉਣ। ਇਸ ਮੌਕੇ ਮੈਡਮ ਮਨਦੀਪ ਕੌਰ, ਪੀ.ਸੀ.ਐੱਸ., ਮੈਡਮ ਪ੍ਰਿਅੰਕਾ ਮਹਾਜਨ, ਸਟੇਟ ਕੰਸਲਟੈਂਟ ਪੋਸ਼ਣ ਅਭਿਆਨ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਸ਼੍ਰੀਮਤੀ ਜੋਬਨਦੀਪ ਕੌਰ, ਜ਼ਿਲ੍ਹੇ ਦੇ ਸਮੂਹ ਸੀ.ਡੀ.ਪੀ.ਓਜ਼, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ. ਹਰਭਜਨ ਸਿੰਘ ਮਹਿਮੀ, ਪਿੰਡ ਦੀ ਪੰਚਾਇਤ ਤੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਮੌਜੂਦ ਸਨ।

ਐਨ ਓ ਸੀ ਜਾਰੀ ਕਰਨ ਵਾਲੇ ਦਫ਼ਤਰ ਭ੍ਰਿਸ਼ਟਾਚਾਰ ਦਾ ਬਣੇ ਅੱਡਾ

ਮਾਨਸਾ (ਆਤਮਾ ਸਿੰਘ ਪਮਾਰ)-ਜਾਇਦਾਦ ਦੀ ਖਰੀਦ ਤੇ ਵੇਚਣ ਸਬੰਧੀ ਸਬੰਧਤ ਨਗਰ ਕੌਂਸਲ ਤੇ ਤਹਿਸੀਲ ਦਫ਼ਤਰ ਵੱਲੋਂ ਐਨ ਓ ਸੀ ਜਾਰੀ ਕਰਨ ਦੀ ਪ੍ਰਕਿਰਿਆ ਭ੍ਰਿਸ਼ਟਾਚਾਰ ਦਾ ਅੱਡਾ ਬਣ ਚੁੱਕੀ ਹੈ, ਕਿਉਂਕਿ ਰਜਿਸਟਰੀ ਕਰਾਉਣ ਸਬੰਧੀ ਲਾਈਆਂ ਬੇਲੋੜੀਆਂ ਸ਼ਰਤਾਂ ਕਾਰਨ ਐਨ ਓ ਸੀ ਲੈਣ ਲਈ ਲੋੜਵੰਦ ਲੋਕ ਹਰ ਤਰ੍ਹਾਂ ਨਾਲ ਖੱਜਲ ਖੁਆਰ ਤੇ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਐਨ ਓ ਸੀ ਦੀਆਂ ਬੇਲੋੜੀਆਂ ਸ਼ਰਤਾਂ ਨੂੰ ਖਤਮ ਕਰਨ ਅਤੇ ਦਫ਼ਤਰਾਂ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਖਾਤਮੇ, ਸ਼ਹਿਰ ਦੇ ਸੀਵਰੇਜ ਤੇ ਟੋਭੇ ਦੇ ਕੂੜੇ ਦੀ ਸਮੱਸਿਆ ਸਬੰਧੀ ਮਾਨਸਾ ਸੰਘਰਸ਼ ਕਮੇਟੀ ਤੇ ਸ਼ਹਿਰ ਦੀਆਂ ਧਾਰਮਿਕ, ਸਮਾਜਿਕ, ਵਪਾਰਕ ਜਥੇਬੰਦੀਆਂ ਵੱਲੋਂ 20 ਸਤੰਬਰ ਨੂੰ ਕੀਤੀ ਜਾਣ ਵਾਲੀ ਮੀਟਿੰਗ ਸਬੰਧੀ ਸੰਯੁਕਤ ਕਿਸਾਨ ਮੋਰਚੇ ਦੀ ਸਾਥੀ ਕ੍ਰਿਸ਼ਨ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਮੋਰਚੇ ਦੇ ਆਗੂਆਂ ਵੱਲੋਂ ਮੰਗਾਂ 'ਤੇ ਸਹਿਮਤੀ ਜਤਾਉਂਦੇ ਹੋਏ ਸਮਰਥਨ ਦਾ ਐਲਾਨ ਕੀਤਾ ਤੇ 20 ਸਤੰਬਰ ਨੂੰ ਸ੍ਰੀ ਲਕਸ਼ਮੀ ਨਰਾਇਣ ਮੰਦਰ ਵਿੱਚ ਸ਼ਾਮਲ ਹੋਣ ਦਾ ਵੀ ਐਲਾਨ ਕੀਤਾ। ਮੋਰਚੇ ਦੇ ਆਗੂਆਂ ਰੁਲਦੂ ਸਿੰਘ ਮਾਨਸਾ, ਕੁਲਦੀਪ ਸਿੰਘ ਚੱਕ ਭਾਈਕੇ, ਪ੍ਰਸ਼ੋਤਮ ਗਿੱਲ, ਮਹਿੰਦਰ ਭੈਣੀ ਬਾਘਾ, ਅਮਰੀਕ ਫਫੜੇ, ਧੰਨਾ ਮੱਲ ਗੋਇਲ, ਭੋਲਾ ਸਿੰਘ ਮੋਜੋ ਤੇ ਅਵਤਾਰ ਸਿੰਘ ਮਲਕਪੁਰ ਨੇ ਕਿਹਾ ਕਿ ਜਦੋਂ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਸਰਕਾਰ ਨੇ ਨਿਰਧਾਰਿਤ ਕੋਰ ਏਰੀਆ ਵਿੱਚ ਬਿਨਾਂ ਐਨ ਓ ਸੀ ਤੋਂ ਛੋਟ ਦੇ ਕੇ ਰਜਿਸਟਰੀਆਂ ਹੋ ਰਹੀਆਂ ਹਨ, ਪ੍ਰੰਤੂ ਮਾਨਸਾ ਲ੍ਹਿ ਵਿੱਚ ਐਨ ਓ ਸੀ ਜਾਰੀ ਕਰਨ ਲਈ ਬੇਲੋੜੀਆਂ ਸ਼ਰਤਾਂ ਲਾ ਕੇ ਲੋਕਾਂ ਦਾ ਆਰਥਿਕ ਤੇ ਮਾਨਸਿਕ ਸੋਸ਼ਣ ਕੀਤਾ ਜਾ ਰਿਹਾ ਹੈ, ਜਿਸ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੋਰਚੇ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਐਨ ਓ ਸੀ ਸਬੰਧੀ ਆ ਰਹੀਆਂ ਮੁਸ਼ਕਲਾਂ ਤੇ ਲੁੱਟ ਤੋਂ ਆਮ ਲੋਕਾਂ ਨੂੰ ਮੁਕਤ ਕਰਾਇਆ ਜਾਵੇ। ਉਨ੍ਹਾਂ ਸੁਚੇਤ ਕਰਦਿਆ ਕਿਹਾ ਕਿ ਮੋਰਚਾ ਆਮ ਤੇ ਪੀੜਤ ਲੋਕਾਂ ਲਈ ਹਮੇਸ਼ਾ ਅੱਗੇ ਹੋ ਕਿ ਸੰਘਰਸ਼ ਕਰਨ ਦਾ ਮੁਦੱਈ ਹੈ।

ਸ੍ਰੀਮਦ ਭਾਗਵਤ ਕਥਾ ਦੌਰਾਨ ਪੰਜਾਬ ਮਹਾਦੇਵ ਦਲ ਵੱਲੋਂ ਪੂਰਨ ਸਹਿਯੋਗ ਦਾ ਐਲਾਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ੍ਰੀ ਮੁਕਤਸਰ ਸਾਹਿਬ ਦੇ ਮੌੜ ਰੋਡ ਸਥਿਤ ਮੁਕਤੀਸਰ ਗੈਸਟ ਹਾਊਸ ਵਿਖੇ 01 ਤੋਂ 08 ਅਕਤੂਬਰ ਤੱਕ ਸਰਵਸਾਂਝੀ ਸ੍ਰੀਮੱਦ ਭਾਗਵਤ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਨੂੰ ਲੈ ਕੇ ਪੂਰੇ ਸ਼ਹਿਰ ਵਾਸੀਆਂ 'ਚ ਭਾਰੀ ਉਤਸ਼ਾਹ ਹੈ। ਇਸ ਦੇ ਨਾਲ ਹੀ ਸਮਾਜ ਸੇਵੀ ਸੰਸਥਾ ਪੰਜਾਬ ਮਹਾਦੇਵ ਦਲ ਵੱਲੋਂ 24 ਘੰਟੇ ਪੂਰਨ ਸਹਿਯੋਗ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਤਰਸੇਮ ਗੋਇਲ ਨੇ ਦੱਸਿਆ ਕਿ ਇਹ ਕਥਾ ਸ਼ਹਿਰਵਾਸੀਆਂ ਦੇ ਸਹਿਯੋਗ ਨਾਲ ਹੋਵੇਗੀ ਤੇ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਹੈ, ਜਿਸ ਦੇ ਲਈ ਤਿਆਰੀਆਂ ਵੱਡੇ ਪੱਧਰ 'ਤੇ ਚੱਲ ਰਹੀਆਂ ਹਨ। ਜ਼ਿਕਰਯੋਗ ਹੈ ਕਿ ਸ੍ਰੀਮੱਦ ਭਾਗਵਤ ਕਥਾ ਦੇ ਸ਼ੁੱਭ-ਆਰੰਭ ਮੌਕੇ 01 ਅਕਤੂਬਰ ਨੂੰ ਰਾਮਬਾੜਾ ਬਜ਼ਾਰ ਸਥਿਤ ਸ੍ਰੀ ਦੁਰਗਾ ਮੰਦਰ ਤੋਂ ਕਲਸ਼ ਯਾਤਰਾ ਕੱਢੀ ਜਾਵੇਗੀ, ਜਿਹੜੀ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਚੋਂ ਹੁੰਦੀ ਹੋਈ ਕਥਾ ਸਥਲ ਪਹੁੰਚੇਗੀ।

ਇਸ ਕਲਸ਼ ਯਾਤਰਾ 'ਚ 251 ਔਰਤਾਂ ਸਿਰ 'ਤੇ ਕਲਸ਼ ਧਾਰਨ ਕਰਕੇ ਚੱਲਣਗੀਆਂ। ਕਥਾ ਦੌਰਾਨ ਰੋਜ਼ਾਨਾ ਸ਼ਰਧਾਲੂਆਂ ਲਈ ਅਤੂੱਟ ਭੰਡਾਰਾ ਵੀ ਚੱਲਦਾ ਰਹੇਗਾ। ਸਮਾਪਨ ਸਮਾਰੋਹ ਵਾਲੇ ਦਿਨ 8 ਅਕਤੂਬਰ ਨੂੰ 21 ਹਵਨ ਕੁੰਡ ਬਣਾ ਕੇ ਵਿਸ਼ਾਲ ਹਵਨ ਕੀਤਾ ਜਾਵੇਗਾ, ਜਿਸ 'ਚ ਵੱਖ-ਵੱਖ ਯਜਮਾਨ ਪੂਰਣ ਆਹੂਤੀ ਦੇਣਗੇ। ਇਸ ਮੌਕੇ ਸੁਖਵਿੰਦਰ ਸਿੰਘ, ਸਤੀਸ਼ ਕੁਮਾਰ, ਰਾਜਵੀਰ, ਚਰਨਜੀਤ ਸਿੰਘ, ਕਲਵੰਤ ਸ਼ਰਮਾ, ਦੀਪਕ ਬਾਂਸਲ, ਹੈਪੀ, ਵਿੱਕੀ, ਸਾਹਿਲ, ਅੰਕਿਤ, ਨਿਰੰਜਣ ਸਿੰਘ, ਅਰਮਾਨ, ਸੁਭਾਸ਼ ਕੁਮਾਰ, ਪ੍ਰਦੀਪ, ਸਾਗਰ, ਮਨੀਤ ਬਾਂਸਲ ਤੇ ਸਨੀ ਹਾਜ਼ਰ ਸਨ।

ਨਗਰ ਕੌਂਸਲ 'ਚ ਕੱਢੀ ਸਵੱਛਤਾ ਰੈਲੀ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਵੱਛ ਭਾਰਤ ਮਿਸ਼ਨ ਤਹਿਤ ਵਧੀਕ ਡਿਪਟੀ ਕਮਿਸ਼ਨਰ (ਸਹਿਰੀ ਵਿਕਾਸ) ਗੁਰਪ੍ਰੀਤ ਸਿੰਘ ਥਿੰਦ ਦੇ ਹੁਕਮਾਂ ਅਨੁਸਾਰ ਨਗਰ ਕੌਂਸਲ ਸਮਾਣਾ ਵਿਖੇ ਇੰਡੀਅਨ ਸਵੱਛਤਾ ਲੀਗ-2 ਮਨਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਅਤੇ ਨਗਰ ਕੌਂਸਲ ਦੇ ਕ੍ਰਮਚਾਰੀਆਂ ਵੱਲੋਂ ਸਹਿਰ ਵਿੱਚ ਸਵੱਛਤਾ ਰੈਲੀ ਕੱਢੀ ਗਈ।

ਇਸ ਰੈਲੀ ਵਿੱਚ ਸਹਿਰ ਨਿਵਾਸੀਆਂ ਨੂੰ ਆਪਣਾ ਆਲਾ ਦੁਆਲਾ ਸਾਫ ਰੱਖਣ ਅਤੇ ਸਹਿਰ ਨੂੰ ਪਲਾਸਟਿਕ ਮੁਕਤ ਰੱਖਣ ਦੀ ਅਪੀਲ ਕੀਤੀ ਗਈ। ਇਸ ਮੌਕੇ 'ਤੇ ਕਾਰਜ ਸਾਧਕ ਅਫਸਰ ਸ੍ਰੀ ਬਰਜਿੰਦਰ ਸਿੰਘ ਵੱਲੋਂ ਰੈਲੀ ਵਿੱਚ ਸਾਮਲ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੂੰ ਸੋਰਸ ਸੈਗਰੀਗੇਸਨ ਦੀ ਮਹੱਤਤਾ ਬਾਰੇ, ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕਰਨ ਬਾਰੇ ਵੀ ਪ੍ਰੇਰਿਤ ਕੀਤਾ ਗਿਆ।

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦ

19-Sep-PAGE-8.qxd 9/18/2023 11:05 PM Page 1

'ਨੋ ਟ੍ਰੈਫਿਕ ਚਲਾਨ ਡੇ' ਮਨਾ ਕੇ ਲੋਕਾਂ ਨੂੰ ਕੀਤਾ ਜਾਗਰੂਕ

ਜਲੰਧਰ-ਨਿਰਭਉ ਸਿੰਘ ਗਿੱਲ ਮਾਣਯੋਗ ਜ਼ਿਲ੍ਹਾ ਤੇ ਸੈਸਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਅਤੇ ਕੁਲਦੀਪ ਸਿੰਘ ਚਾਹਲ, ਕਮਿਸ਼ਨਰ ਆਫ ਪੁਲਿਸ ਜਲੰਧਰ ਦੇ ਸਾਂਝੇ ਉੱਦਮ ਸਦਕਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਅਤੇ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਵੱਖ-ਵੱਖ ਚੌਕਾਂ 'ਤੇ ਆਮ ਜਨਤਾ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬੰਧੀ ਮੁਹਿੰਮ ਆਰੰਭੀ ਗਈ ਅਤੇ ਕਿਸੇ ਵੀ ਸ਼ਹਿਰ ਨਿਵਾਸੀ ਦਾ ਚਲਾਨ ਨਾ ਕੱਟਦੇ ਹੋਏ "ਨੋ ਟ੍ਰੈਫਿਕ ਚਲਾਨ ਡੇ" ਮਨਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਗਿੱਲ ਨੇ ਇਸ ਮੁਹਿੰਮ ਵਾਸਤੇ ਵੱਖ-ਵੱਖ ਲਾਅ ਕਾਲਜਾਂ ਦੇ ਵਿਦਿਆਰਥੀਆਂ ਦੀ ਟੀਮ ਨੂੰ ਹਰੀ ਝੰਡੀ ਦੇ ਕੇ ਝਗੜਾ ਨਿਵਾਰਨ ਕੇਂਦਰ ਜਲੰਧਰ ਤੋਂ ਰਵਾਨਾ ਕੀਤਾ। ਇਸ ਮੁਹਿੰਮ ਦੀ ਅਗਵਾਈ ਡਾ. ਗਗਨਦੀਪ ਕੌਰ, ਸੀ.ਜੇ.ਐੱਮ. ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਅਤੇ ਕੰਵਲਪ੍ਰੀਤ ਸਿੰਘ ਚਾਹਲ ਐਡੀਸ਼ਨਲ ਕਮਿਸ਼ਨਰ ਆਫ ਪੁਲਸ (ਟਰੈਫਿਕ) ਜਲੰਧਰ ਨੇ ਕੀਤੀ। ਇਸ ਮੁਹਿੰਮ ਦਾ ਮੰਤਵ ਲੋਕਾਂ ਨੂੰ ਟਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨਾ ਹੈ ਅਤੇ ਲੋਕਾਂ ਨੂੰ ਮੌਕੇ 'ਤੇ ਹੀ ਹੈਲਮੈਟ ਪਾਉਣ ਦੇ ਫਾਇਦੇ ਦੱਸੇ ਗਏ। ਲੋਕਾਂ ਨੂੰ ਗੁਲਾਬ ਦੇ ਫੁੱਲ ਦੇ ਕੇ ਨਿਯਮ ਦੀ ਪਾਲਣਾ ਕਰਨ ਦੀ ਹਿਦਾਇਤ ਕੀਤੀ ਗਈ। ਅਜਿਹੇ ਵਿਅਕਤੀ ਜਿਨ੍ਹਾਂ ਨੇ ਹੈਲਮੈਟ ਨਹੀਂ ਪਹਿਣੇ ਹੋਏ ਸਨ, ਨੂੰ ਮੌਕੇ 'ਤੇ ਹੀ ਹੈਲਮੈਟ ਖਰੀਦ ਕੇ ਪਹਿਨਣ ਲਈ ਪ੍ਰੇਰਿਤ ਕੀਤਾ ਗਿਆ। ਲੋਕਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਭਵਿੱਖ ਵਿੱਚ ਟਰੈਫਿਕ ਨਿਯਮਾਂ ਦੀ ਪਾਲਣਾ ਕਰਨਗੇ। ਇਸ ਮੌਕੇ 'ਤੇ ਜ਼ਿਲ੍ਹੇ ਦੇ ਛੇ (6) ਲਾਅ ਕਾਲਜਾਂ ਦੇ ਵਿਦਿਆਰਥੀ (ਪੈਰਾ ਲੀਗਲ ਵਲੰਟੀਅਰ), ਪੁਲਸ ਪ੍ਰਸ਼ਾਸਨ ਦੇ ਅਧਿਕਾਰੀ ਅਤੇ ਡੀ. ਐਲ. ਐਸ.ਏ ਜਲੰਧਰ ਦੇ ਅਧਿਕਾਰੀ ਵੀ ਹਾਜਰ ਸਨ। ਡਾ. ਗਗਨਦੀਪ ਕੌਰੀ ਨੇ ਵਿਕਟਮ ਕੰਪਨਜੇਸ਼ਨ ਸਕੀਮ ਤਹਿਤ ਜਾਣਕਾਰੀ ਦਿੰਦੇ ਦੱਸਿਆ ਕਿ ਸੜਕ ਦੁਰਘਟਨਾ ਵਿੱਚ ਜਾਨ ਗਵਾਉਣ ਵਾਲੇ ਵਿਅਕਤੀਆਂ ਦੇ ਆਸ਼ਰਿਤ ਪਰਵਾਰ ਜੇਕਰ ਨਾ ਮਾਲੂਮ ਵਿਅਕਤੀ 'ਤੇ ਐਫ.ਆਈ.ਆਰ ਦਰਜ ਹੋਈ ਹੈ ਤਾਂ ਮੁਆਵਜਾ ਲੈਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਕਚਿਹਰੀਆਂ ਜਲੰਧਰ ਨਾਲ ਸੰਪਰਕ ਕਰ ਸਕਦੇ ਹਨ। ਜੇਕਰ ਅਜਿਹੇ ਕੇਸਾਂ ਵਿੱਚ ਦੋਸ਼ੀ ਨਾਮਜਦ ਕੀਤੇ ਜਾਂਦੇ ਹਨ ਤਾਂ ਸੰਬੰਧਤ ਅਦਾਲਤ ਨੂੰ ਮੁਆਵਜੇ ਲਈ ਦਰਖਾਸਤ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਬਲਾਤਕਾਰ ਪੀੜਤ ਅਤੇ ਪੋਕਸੋ ਐਕਟ ਤਹਿਤ ਪੀੜਤ ਔਰਤਾਂ/ਬੱਚੀਆਂ ਨੂੰ ਨਾਲਸਾ ਅਪਰਾਧ ਪੀੜਤ ਸਕੀਮ ਤਹਿਤ ਮੁਆਵਜਾ ਲੈ ਸਕਦੀਆਂ ਹਨ। ਇਨ੍ਹਾਂ ਸਕੀਮਾਂ ਅਤੇ ਮੁਫਤ ਕਾਨੂੰਨੀ ਸਹਾਇਤਾ ਦਾ ਲਾਭ ਲੈਣ ਲਈ ਵਿਕਲਪੀ ਝਗੜਾ ਨਿਵਾਰਨ ਕੇਂਦਰ ਜ਼ਿਲ੍ਹਾ ਕਚਿਹਰੀ ਜਲੰਧਰ ਜਾਂ ਟੋਲ ਫ੍ਰੀ ਨੰਬਰ 1968 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਵੱਛਤਾ ਸੰਬੰਧੀ ਕੱਢੀ ਜਾਗਰੂਕਤਾ ਰੈਲੀ ਦੌਰਾਨ ਕੀਤੀ ਸਹਿਯੋਗ ਦੀ ਅਪੀਲ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਡਿਪਟੀ ਕਮਿਸ਼ਨਰ ਰੂਪਨਗਰ ਡਾ.ਪ੍ਰੀਤੀ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਕੌਂਸਲ ਵੱਲੋਂ ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ, ਸਮਾਜ ਸੇਵੀ ਸੰਗਠਨਾਂ, ਸਫਾਈ ਸੇਵਕਾਂ ਨਾਲ ਮਿਲ ਕੇ ਸਵੱਛਤਾ ਸਬੰਧੀ ਜਾਗਰੂਕਤਾ ਰੈਲੀ ਕੱਢੀ ਗਈ। ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਕਾਰਜਸਾਧਕ ਅਫਸਰ ਹਰਬਖਸ਼ ਸਿੰਘ ਨੇ ਦੱਸਿਆ ਕਿ ਇਸ ਰੈਲੀ ਤਹਿਤ ਵਿਦਿਆਰਥੀਆਂ ਅਤੇ ਲੋਕਾਂ ਨੂੰ ਸਾਫ ਸਫਾਈ ਪ੍ਰਤੀ ਜਾਗਰੂਕ ਪੈਦਾ ਕੀਤੀ ਗਈ ਤਾਂ ਜੋ ਉਹ ਆਪਣੇ ਆਲੇ ਦੁਆਲੇ, ਘਰਾਂ ਅਤੇ ਜਨਤਕ ਥਾਵਾਂ ਸਾਫ-ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ। ਉਨ੍ਹਾਂ ਕਿਹਾ ਕਿ ਇਸ ਨਾਲ ਅਸੀਂ ਆਪਣੇ ਸਮਾਜ ਨੂੰ ਬਿਮਾਰੀਆਂ ਮੁਕਤ ਅਤੇ ਸੁੰਦਰ ਬਣਾਉਣ ਵਿੱਚ ਸਫਲ ਰਹਿ ਸਕਦੇ ਹਾਂ ਅਤੇ ਆਪਣੇ ਜੀਵਨ ਨੂੰ ਤੰਦਰੁਸਤ ਤੇ ਖੁਸ਼ਨੁਮਾ ਬਣਾ ਸਕਦੇ ਹਾਂ। ਮਦਨ ਲਾਲ ਸੈਨਟਰੀ ਇੰਸਪੈਕਟਰ ਅਤੇ ਸੁਖਬੀਰ ਸਿੰਘ ਜੱਲਾ ਇੰਸਪੈਕਟਰ ਵੱਲੋਂ ਇੰਡੀਅਨ ਸਵੱਛਤਾ ਲੀਗ 2.0 ਦੇ ਅਧੀਨ ਨਗਰ ਕੌਂਸਲ ਦਫਤਰ ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਪ੍ਰੈਸ ਚੌਕ ਕਚਹਿਰੀ ਸੜਕ, ਬਜਾਰਾਂ ਵਿੱਚੋਂ ਹੁੰਦੀ ਹੋਈ, ਭਗਤ ਰਵਿਦਾਸ ਚੌਕ ਤੱਕ ਸਫਾਈ ਸੇਵਕਾਂ ਅਤੇ ਦਫਤਰ ਦੇ ਸਟਾਫ ਦੇ ਸਹਿਯੋਗ ਨਾਲ ਲੋਕਾਂ ਨੂੰ ਜਾਗਰੂਕ ਕਰਨ ਲਈ ਸਵੱਛਤਾ ਰੈਲੀ ਕੱਢੀ ਗਈ।

ਇਸ ਮੌਕੇ ਬੁਲਾਰਿਆਂ ਨੇ ਲੋਕਾਂ ਨੂੰ ਗੁਰੂ ਨਗਰੀ ਨੂੰ ਸਾਫ ਸੁਥਰਾ ਰੱਖਣ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਦੇਵ ਕੁਮਾਰ ਲੇਖਾਕਾਰ, ਸੁਲਿੰਦਰ ਕੁਮਾਰ ਸੰਟੂ, ਰਾਜ ਘਈ, ਸ਼ਿਵਾਨੀ ਸ਼ਰਮਾ,ਜਗੀਰ ਕੌਰ,ਰੀਟਾ,ਰਾਮ ਗੋਪਾਲ ਗੋਪੀ, ਗੁਰਮਿੰਦਰ ਸਿੰਘ ਗੁਰੀ, ਅਜੇ ਘੱਗਾ, ਪਰਮਜੀਤ ਸੋਨੂੰ, ਕਾਲਾ, ਲੋਕੇਸ਼ ਕੁਮਾਰ, ਵਿਜੈ ਕੁਮਾਰ, ਗੋਬਿੰਦ ਸਿੰਘ, ਗੁਰਮੁੱਖ ਸਿੰਘ ਗੁਰੀ, ਰਜਿੰਦਰ ਸਿੰਘ,ਓਮ ਪ੍ਰਕਾਸ਼ ਬਾਲੀ, ਪਰਮਜੀਤ ਬੱਬੀ, ਰਵੀ ਗੰਗੂਵਾਲੀਆ, ਸੰਜੀਵ ਸੰਜੂ, ਦਾਰਾ, ਭੁਪਿੰਦਰ, ਸੰਜੀਵ ਪੰਚ, ਸਤੀਸ਼ ਫੌਜੀ, ਲਖਵਿੰਦਰ ਸਿੰਘ ਲਾਡੀ, ਧਰਮਵੀਰ ਸੋਨੂੰ, ਸੁਰਜੀਤ ਲੱਕੀ, ਕੁਲਵੰਤ ਸਿੰਘ, ਗੁਰਮੁੱਖ ਸਿੰਘ ਅਗੰਮਪੁਰ ਤੇ ਮੈਂਬਰ ਹਾਜਰ ਸਨ।

ਭਲਕ ਤੋਂ ਅਣਮਿੱਥੇ ਸਮੇਂ ਵਾਸਤੇ ਬੱਸਾਂ ਦਾ ਚੱਕਾ ਜਾਮ ਕੀਤਾ ਜਾਵੇਗਾ : ਰਾਣਾ

ਨੰਗਲ (ਸੁਰਜੀਤ ਸਿੰਘ)—ਪੰਜਾਬ ਰੋਡਵੇਜ ਪਨਬਸ ਅਤੇ ਪੀਆਰਟੀਸੀ ਕਨਟ੍ਰੈਕਟ ਵਰਕਰ ਯੂਨੀਅਨ ਬਰਾਂਚ ਨੰਗਲ ਵੱਲੋਂ ਆਪਣੀਆਂ ਮੰਗਾਂ ਦੇ ਸੰਬੰਧ ਵਿੱਚ ਮੀਟਿੰਗ ਪ੍ਰਧਾਨ ਸੁਨੀਲ ਕੁਮਾਰ ਰਾਣਾ ਦੀ ਅਗਵਾਈ ਵਿੱਚ ਕੀਤੀ ਗਈ। ਅਗਲੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕੀਤੀ ਗਈ ਅਤੇ ਦੱਸਿਆ ਗਿਆ ਕਿ ਮੁੱਖ ਮੰਤਰੀ ਜਥੇਬੰਦੀ ਨੂੰ ਵਾਰ ਵਾਰ ਲਿਖਤੀ ਮੀਟਿੰਗਾਂ ਦੇ ਕੇ ਮੀਟਿੰਗ ਕਰਨ ਤੋਂ ਭੱਜ ਰਹੇ ਨੇ ਜਿਸ ਕਾਰਨ ਸਮੂਹ ਵਰਗਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਨਰਲ ਸਕੱਤਰ ਰਾਮਦਿਆਲ ਮਾਹੀ ਨੇ ਦੱਸਿਆ ਕਿ ਪਿਛਲੇ ਦਿਨੀਂ ਚੱਕੇ ਜਾਮ ਦਾ ਪ੍ਰੋਗਰਾਮ ਰੱਖਿਆ ਹੋਇਆ ਸੀ ਲੇਕਿਨ ਮੁੱਖ ਮੰਤਰੀ ਨਾਲ ਲਿਖਤੀ ਭਰੋਸਾ ਦਿੱਤਾ ਜਾਂਦਾ ਹੈ ਪਰ ਹਰ ਵਾਰ ਨਿਰਾਸ਼ਾ ਹੀ ਹੱਥ ਲੱਗਦੀ ਹੈ ਜਿਸ ਦੇ ਚਲਦੇ ਹੁਣ 20 ਸਤੰਬਰ ਤੋਂ ਅਣਮਿੱਥੇ ਸਮੇਂ ਵਾਸਤੇ ਬੱਸਾਂ ਦਾ ਚੱਕਾ ਜਾਮ ਕੀਤਾ ਜਾਵੇਗਾ।

ਮੀਤ ਪ੍ਰਧਾਨ ਲਖਬੀਰ ਸਿੰਘ ਨੇ ਕਿਹਾ ਕਿ ਕੱਚੇ ਕਾਮਿਆਂ ਨੂੰ ਪੱਕਾ ਕਰਨ ਦੀ ਬਜਾਏ ਬਾਰ-ਬਾਰ ਭਰੋਸਾ ਦੇ ਕੇ ਹੀ ਕੰਮ ਚਲਾ ਲਿਆ ਜਾਂਦਾ ਹੈ, ਜਿਸ ਨੂੰ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ 20 ਸਤੰਬਰ ਤੋਂ ਅਣਮਿੱਥੇ ਸਮੇਂ ਲਈ ਹੜਤਾਲ ਕਰਕੇ ਮੁਕੰਮਲ ਤੌਰ 'ਤੇ ਬੱਸਾਂ ਦਾ ਚੱਕਾ ਜਾਮ ਕੀਤਾ ਜਾਵੇਗਾ। ਇਸ ਮੌਕੇ ਲਖਵੀਰ ਸਿੰਘ, ਜਗਮੀਤ ਸਿੰਘ, ਸੁਖਵਿੰਦਰ ਸਿੰਘ ਅਤੇ ਹੋਰ ਸਾਥੀ ਹਾਜਰ ਹੋਏ।

ਭਾਜਪਾ ਆਗੂਆਂ ਨੇ "ਮੇਰੀ ਮਿੱਟੀ ਮੇਰਾ ਦੇਸ਼" ਮੁਹਿੰਮ ਤਹਿਤ ਮਿੱਟੀ ਇਕੱਤਰ ਕੀਤੀ

ਨੂਰਪੁਰਬੇਦੀ 18 ਸਤੰਬਰ (ਸੁਰਜੀਤ ਸਿੰਘ ਕਾਹਲੋਂ)-ਭਾਜਪਾ ਪ੍ਰਧਾਨ ਸੁਨੀਲ ਜਾਖੜ ਦੇ ਦਿਸ਼ਾ ਨਿਰਦੇਸ਼ ਤਹਿਤ ਪੰਜਾਬ ਭਰ ਵਿੱਚ ਜੋਸ਼ ਨਾਲ ਚੱਲ ਰਹੀ "ਮੇਰੀ ਮਿੱਟੀ ਮੇਰਾ ਦੇਸ਼" ਮੁਹਿੰਮ ਤਹਿਤ ਸਾਬਕਾ ਸੂਬਾ ਸਕੱਤਰ ਵਿਜੇ ਪੁਰੀ ਅਤੇ ਸਾਬਕਾ ਮੰਡਲ ਪ੍ਰਧਾਨ ਕਰਨ ਪੁਰੀ ਅਬਿਆਣਾ ਦੀ ਅਗਵਾਈ ਹੇਠ ਪ੍ਰਸਿੱਧ ਪ੍ਰਾਚੀਨ ਮੰਦਰ ਸ਼੍ਰੀ ਜਟੇਸ਼ਵਰ ਮਹਾਦੇਵ ਮੰਦਰ ਜਟਵਾਹੜ ਦੀ ਮਿੱਟੀ ਇਕੱਤਰ ਕੀਤੀ ਗਈ। ਪੁਰੀ ਨੇ ਦੱਸਿਆ ਕਿ "ਮੇਰੀ ਮਿੱਟੀ ਮੇਰਾ ਦੇਸ਼" ਮੁਹਿੰਮ ਪੂਰੇ ਸੂਬੇ ਤੋਂ ਕਲਸ਼ ਵਿੱਚ ਮਿੱਟੀ ਲੈ ਕੇ ਦੇਸ਼ ਦੀ ਰਾਜਧਾਨੀ ਦਿੱਲੀ ਪਹੁੰਚੇਗੀ ਅਤੇ ਕੌਮੀ ਜੰਗੀ ਯਾਦਗਰ ਨੇੜੇ "ਅੰਮ੍ਰਿਤ ਵਾਟਿਕਾ ਬਣਾਈ ਜਾਵੇਗੀ। ਉਨਾਂ ਕਿਹਾ ਕਿ ਇਸ ਮੁਹਿੰਮ ਨੂੰ ਜੋਰ ਸ਼ੋਰ ਨਾਲ ਅਰੰਭ ਕਰ ਦਿੱਤਾ ਗਿਆ ਹੈ। ਇਸ ਮੌਕੇ ਬਾਬਾ ਜਨਕ ਰਾਜ, ਮੰਦਿਰ ਦੇ ਪੁਜਾਰੀ ਪੰਡਿਤ ਸੰਜੀਵ ਕੁਮਾਰ, ਨੀਰਜ ਕੁਮਾਰ ਤਖਤਗੜ, ਸੀਤਾ ਰਾਮ ਝਾਂਡੀਆਂ, ਅਵਤਾਰ ਕ੍ਰਿਸ਼ਨ ਨੂਰਪੁਰਬੇਦੀ, ਚੰਨਣ ਸਿੰਘ ਜਟਵਾਹੜ, ਪ੍ਰਸ਼ੋਤਮ ਲਾਲ ਟੇਡੇਵਾਲ, ਚਰਨ ਦਾਸ ਟੇਡੇਵਾਲ, ਬਿਸ਼ਨ ਦਾਸ, ਧਰਮਪਾਲ, ਪ੍ਰਦੀਪ ਕੁਮਾਰ, ਕੁਲਦੀਪ ਕੁਮਾਰ ਆਦਿ ਹਾਜਰ ਸਨ।

ਲੁਟੇਰੇ ਔਰਤ ਕੋਲੋਂ ਨਕਦੀ ਤੇ ਮੋਬਾਇਲ ਖੋਹ ਕੇ ਫਰਾਰ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਬੀਤੀ ਸ਼ਾਮ ਕਰੀਬ 6:30 ਵਜੇ 2 ਅਣਪਛਾਤੇ ਲੁਟੇਰੇ ਇਕ ਔਰਤ ਕੋਲੋਂ ਮੋਬਾਇਲ ਤੇ ਨਕਦੀ ਖੋਹ ਕੇ ਫਰਾਰ ਹੋ ਗਏ। ਮੀਨਾ ਕੁਮਾਰੀ ਪਤਨੀ ਲਖਵਿੰਦਰ ਸਿੰਘ ਵਾਸੀ ਦਸ਼ਮੇਸ਼ ਨਗਰ ਨੇ ਦੱਸਿਆ ਕਿ ਉਹ ਟਾਂਡਾ ਬਾਈਪਾਸ ਤੋਂ ਆਪਣੀ ਬੇਟੀ ਨਾਲ ਸਕੂਟੀ 'ਤੇ ਆਪਣੇ ਘਰ ਜਾ ਰਹੇ ਸੀ ਤਾਂ ਮੁਲਤਾਨੀ ਸਵੀਟ ਸ਼ਾਪ ਟਾਂਡਾ ਕੋਲ ਪਿੱਛੇ ਤੋਂ ਆ ਰਹੇ 2 ਅਣਪਛਾਤੇ ਮੋਟਰਸਾਇਕਲ ਲੁਟੇਰੇ ਉਸ ਦੇ ਹੱਥ ਵਿੱਚ ਫੜਿਆ ਲਿਫਾਫਾ ਖੋਹ ਕੇ ਟਾਂਡਾ ਤਹਿਸੀਲ ਵੱਲ ਫਰਾਰ ਹੋ ਗਏ, ਜਿਸ ਵਿੱਚ ਮੋਬਾਇਲ, ਕਰੀਬ 1500 ਕੈਸ਼, ਬੈਂਕ ਏ.ਟੀ.ਐਮ ਕਾਰਡ ਤੇ ਜਰੂਰੀ ਦਸਤਾਵੇਜ਼ ਸਨ। ਟਾਂਡਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਣਕਾਰੀ ਹਾਸਲ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕਾਲੇਕੇ ਵਿਖੇ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਮੁਫਤ ਮੈਡੀਕਲ ਕੈਂਪ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਫਿਰੋਜ਼ਪੁਰ ਦੇ ਪਿੰਡ ਕਾਲੇਕੇ ਹਿਥਾਰ ਦੇ ਗੁਰੂਦੁਆਰਾ ਸਾਹਿਬ ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਸੰਸਥਾ ਦੀ ਡਾਕਟਰਾਂ ਦੀ ਟੀਮ ਵੱਲੋਂ ਮਰੀਜਾਂ ਦਾ ਚੈੱਕ-ਅੱਪ ਕਰਕੇ ਦਵਾਈਆਂ ਦਿੱਤੀਆ ਗਈਆਂ। ਸੰਸਥਾ ਮੁੱਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਮੇਨ ਰੋਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਦੋਆਬਾ ਅਤੇ ਮਾਲਵੇ ਤੋਂ ਬਾਅਦ ਮਾਝੇ ਦੇ ਪਿੰਡਾਂ ਵਿਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਕ੍ਰਿਪਾਲ ਸਿੰਘ ਮਾਇਓ ਪੱਟੀ, ਡਾ. ਵਿਸ਼ਾਲ ਪਰਾਸ਼ਰ ਨਡਾਲੋਂ,ਡਾ.ਰਾਮ ਲੁਭਾਇਆ ਨਵਾਂ ਠੱਕਰਵਾਲ, ਗੁਰਪਾਲ ਸਿੰਘ ਖਾਲਸਾ ਨਡਾਲੋਂ, ਮਿੰਨੀ ਭੁੰਗਰਨੀ, ਗੁਰਪ੍ਰੀਤ ਸਿੰਘ ਗੁਗਲੀ ਖਾਲਸਾ, ਕਮਲਜੀਤ ਸਿੰਘ ਰਾਣਾ ਖਾਲਸਾ,ਟਹਿਲ ਸਿੰਘ, ਹਰਵੰਤ ਸਿੰਘ ਪਿੰਡ ਕਾਲੇਕੇ ਹਿਥਾਰ ਦੇ ਨਿਵਾਸੀ ਜਸਵੰਤ ਕੌਰ, ਅਮਰਜੀਤ, ਰਣਜੀਤ ਸਿੰਘ, ਜਗਤਾਰ ਸਿੰਘ, ਸੁਰਜੀਤ ਕੌਰ, ਮਨਜੀਤ ਕੌਰ, ਨਾਜਰ ਸਿੰਘ, ਸੁਖਵੰਤ ਕੌਰ, ਸਿਮਰਜੀਤ ਕੌਰ, ਕਰਨਵੀਰ ਸਿੰਘ, ਤਰਸੇਮ ਸਿੰਘ, ਪਰਮਜੀਤ ਸਿੰਘ,ਕੇਵਲ ਸਿੰਘ,ਹਰਜੋਤ ਸਿੰਘ ਆਦਿ ਹਾਜਰ ਸਨ।

ਕੂੜੇ ਤੇ ਪਲਾਸਟਿਕ ਲਿਫਾਫਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ

ਫਿਲੌਰ (ਨਿਰਮਲ) ਇੰਡੀਅਨ ਸਵੱਛਤਾ ਲੀਗ 2.0 ਐਮ. ਸੀ ਫਿਲੌਰ ਦੇ ਤਹਿਤ ਭਾਰਤ ਵੀ/ਐਸ ਕੂੜੇ ਬਾਰੇ ਨਾਗਰਿਕਾਂ ਅਤੇ ਦੁਕਾਨਦਾਰਾਂ ਨੂੰ ਜਾਗਰੂਕ ਕਰਨ ਸਬੰਧੀ ਇੱਕ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਨਾਗਰਿਕਾਂ ਅਤੇ ਦੁਕਾਨਦਾਰਾਂ ਨੂੰ ਸਫਾਈ, ਸੋਰਸ ਸੇਗਰਗੇਸਨ, ਘਰੇਲੂ ਖਾਦ ਅਤੇ ਸਿੰਗਲ ਯੂਜ ਪਲਾਸਟਿਕ ਬਾਰੇ ਜਾਗਰੂਕ ਕੀਤਾ ਗਿਆ ਤੇ ਸ਼ਹਿਰ ਵਿੱਚ ਰੈਲੀ ਕੱਢੀ ਗਈ। ਇਸ ਮੌਕੇ 'ਤੇ ਨਗਰ ਕੌਂਸਲ ਫਿਲੌਰ ਦੇ ਕਾਰਜ ਸਾਧਕ ਅਫ਼ਸਰ ਦੇਸ ਰਾਜ, ਇੰਸਪੈਕਟਰ ਦਲੀਪ ਕੁਮਾਰ, ਸੈਨੇਟਰੀ ਇੰਸਪੈਕਟਰ ਨਰੇਸ਼ ਕੁਮਾਰ, ਸੈਨੇਟਰੀ ਇੰਸਪੈਕਟਰ ਸ਼ਰਨਜੀਤ ਸਿੰਘ, ਸੀਐਫ ਨੀਲਮ ਸ਼ਰਮਾ ਅਤੇ ਐਮ.ਸੀ ਦਫਤਰ ਸਟਾਫ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਅਤੇ ਸ਼ਹਿਰ ਨਿਵਾਸੀ ਸ਼ਾਮਿਲ ਸਨ।

350 ਤੋਂ ਵੱਧ ਮਰੀਜ਼ਾਂ ਦਾ ਕੀਤਾ ਅੱਖਾਂ ਦਾ ਮੁਫਤ ਚੈੱਕਅੱਪ ਤੇ ਸੈਂਕੜੇ ਨੌਜਵਾਨਾਂ ਨੇ ਕੀਤਾ ਖੂਨਦਾਨ

ਫਿਲੌਰ, (ਨਿਰਮਲ)-ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਵੱਲੋਂ ਪੰਜਵਾਂ ਖੂਨਦਾਨ ਤੇ ਅੱਖਾਂ ਦਾ ਮੁਫਤ ਚੈਕ ਅੱਪ ਕੈਂਪ ਲਗਾਇਆ ਗਿਆ। ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਦੇ ਵਲੋਂ ਪੰਜਵਾਂ ਖੂਨਦਾਨ ਕੈਂਪ ਤੇ ਅੱਖਾਂ ਦਾ ਮੁਫਤ ਚੈਕ ਅੱਪ ਕੈਂਪ ਦਰਬਾਰ ਮਈਆ ਭਗਵਾਨ ਜੀ ਫਿਲੌਰ ਵਿਖੇ ਲਗਾਇਆ ਗਿਆ। ਜਿਸ ਦਾ ਉਦਘਾਟਨ ਦਰਬਾਰ ਦੇ ਗੱਦੀਨਸ਼ੀਨ ਮਈਆ ਨਿੰਮੋ ਸਰਕਾਰ ਵਲੋਂ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਸਾਈਂ ਪੱਪਲ ਸ਼ਾਹ ਭ

19-Sep-PAGE-9.qxd 9/18/2023 11:04 PM Page 1

ਗੁ: ਸ੍ਰੀ ਬੇਰ ਸਾਹਿਬ ਤੋਂ ਬਟਾਲਾ ਸਾਹਿਬ ਲਈ 21 ਨੂੰ ਰਵਾਨਾ ਹੋਵੇਗਾ ਨਗਰ ਕੀਰਤਨ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) -ਮਨੁੱਖਤਾ ਦੇ ਰਹਿਬਰ, ਸਿੱਖ ਧਰਮ ਦੇ ਬਾਨੀ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀ ਯਾਦ 'ਚ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਬਟਾਲਾ ਤੱਕ 21 ਸਤੰਬਰ ਨੂੰ ਸਜਾਏ ਜਾ ਰਹੇ ਵਿਸ਼ਾਲ ਨਗਰ ਕੀਰਤਨ ਦੀਆਂ ਤਿਆਰੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂ ਸੰਗਤਾਂ ਦੇ ਸਹਿਯੋਗ ਨਾਲ ਵੱਡੀ ਪੱਧਰ 'ਤੇ ਜਾਰੀ ਹਨ । ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਅੰਦਰ ਦਰਬਾਰ ਸਾਹਿਬ ਨੂੰ ਵੰਨ ਸਵੰਨੇ ਫੁੱਲਾਂ ਨਾਲ ਸਜਾਇਆ ਗਿਆ ਹੈ ਤੇ ਦਰਬਾਰ ਸਾਹਿਬ ਦੇ ਬਾਹਰੋਂ ਵੀ ਕੀਤੀ ਗਈ ਸ਼ਾਨਦਾਰ ਸਜਾਵਟ ਸੰਗਤਾਂ ਲਈ ਖਿੱਚ ਦਾ ਕਾਰਨ ਬਣੀ ਹੋਈ ਹੈ । ਗੁਰਦੁਆਰਾ ਸਾਹਿਬ ਅੰਦਰ ਪਾਲਕੀ ਸਾਹਿਬ 'ਤੇ ਤਾਜ਼ੇ ਫੁੱਲਾਂ ਨਾਲ ਸਜਾਵਟ ਕੀਤੀ ਗਈ ਹੈ, ਜਦਕਿ ਦਰਬਾਰ ਸਾਹਿਬ ਦੇ ਅੰਦਰ ਆਰਟੀਫਿਸ਼ਲ ਰੰਗ ਬਿਰੰਗੇ ਫੁੱਲਾਂ ਦੀ ਵਰਤੋਂ ਕਰਦੇ ਹੋਏ ਸ਼ਿੰਗਾਰਿਆ ਗਿਆ ਹੈ। ਦੂਰ ਦੁਰਾਡੇ ਤੋਂ ਸ਼ਰਧਾਲੂ ਦਰਸ਼ਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ । ਅੱਜ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੈਨੇਜਰ ਭਾਈ ਜਰਨੈਲ ਸਿੰਘ ਬੂਲੇ ਦੀ ਦੇਖ ਰੇਖ 'ਚ ਪ੍ਰਬੰਧਾਂ ਦਾ ਜਾਇਜ਼ਾ ਲਿਆ, ਜਿਸ ਵਿਚ ਨਗਰ ਕੀਰਤਨ ਸਬੰਧੀ ਅਤੇ ਸਮਾਗਮ ਬਾਰੇ ਵਿਚਾਰ ਚਰਚਾ ਹੋਈ । ਮੈਨੇਜਰ ਬੂਲੇ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਮੂਹ ਸਥਾਨਕ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਇਲਾਕੇ ਦੀਆਂ ਸਭਾ ਸੋਸਾਇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਬਟਾਲਾ ਤੱਕ ਵਿਸ਼ਾਲ ਨਗਰ ਕੀਰਤਨ 21 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ 'ਚ ਸਜਾਇਆ ਜਾਵੇਗਾ ।

ਇਹ ਨਗਰ ਕੀਰਤਨ 21 ਸਤੰਬਰ ਨੂੰ ਸਵੇਰੇ 7 ਵਜੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਆਰੰਭ ਹੋਵੇਗਾ, ਜੋ ਤਲਵੰਡੀ ਚੌਧਰੀਆਂ, ਮੁੰਡੀ ਮੋੜ, ਫੱਤੂਢੀਂਗਾ, ਰੱਤੜਾ, ਉੱਚਾ, ਸੈਫਲਾਬਾਦ, ਘਣੀਏ ਕੇ, ਖੈੜਾ ਬੇਟ, ਸੁਰਖਪੁਰ, ਸੰਗੋਜਲਾ, ਜਾਤੀ ਕੇ, ਭੰਡਾਲ ਬੇਟ, ਪੱਡੇ ਬੇਟ, ਧਾਲੀਵਾਲ ਬੇਟ, ਅੱਡਾ ਮਿਆਣੀ ਬਾਕਰਪੁਰ (ਢਿਲਵਾਂ), ਬਿਆਸ, ਬਾਬਾ ਬਕਾਲਾ, ਅੱਚਲ ਸਾਹਿਬ, ਬਟਾਲਾ ਸ਼ਹਿਰ, ਚੌਕ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ, ਗਾਂਧੀ ਚੌਕ, ਲੱਕੜ ਮੰਡੀ, ਹੰਸਲੀ ਪੁਲ ਤੋਂ ਹੁੰਦਾ ਹੋਇਆ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਵਿਖੇ ਸਮਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ ਰਸਤੇ 'ਚ ਵੱਖ ਵੱਖ ਥਾਵਾਂ 'ਤੇ ਨਗਰ ਕੀਰਤਨ ਦਾ ਨਿੱਘਾ ਸਵਾਗਤ ਹੋਵੇਗਾ ਤੇ ਲੱਖਾਂ ਸ਼ਰਧਾਲੂ ਦੇਸ਼ ਵਿਦੇਸ਼ ਤੋਂ ਸ਼ਾਮਲ ਹੋਣਗੇ । ਨਗਰ ਕੀਰਤਨ ਲੈਣ ਲਈ ਬਟਾਲਾ ਸਾਹਿਬ ਤੋਂ ਸ਼ਰਧਾਲੂ ਸੰਗਤਾਂ ਉਚੇਚੇ ਤੌਰ 'ਤੇ ਸੁਲਤਾਨਪੁਰ ਲੋਧੀ ਗੁਰਦੁਆਰਾ ਬੇਰ ਸਾਹਿਬ ਵਿਖੇ ਮਠਿਆਈਆਂ ਲੈ ਕੇ ਪੁੱਜਣਗੀਆਂ , ਜਿਨ੍ਹਾਂ ਦਾ ਸੰਗਤਾਂ ਵੱਲੋਂ ਪੁਰਾਤਨ ਮਰਿਆਦਾ ਅਨੁਸਾਰ ਨਿੱਘਾ ਸਵਾਗਤ ਕੀਤਾ ਜਾਵੇਗਾ । ਇਸ ਸਮੇ ਉਨ੍ਹਾਂ ਨਾਲ ਸੁਰਜੀਤ ਸਿੰਘ , ਭਾਈ ਹਰਜਿੰਦਰ ਸਿੰਘ ਚੰਡੀਗੜ੍ਹ ਹੈੱਡ ਗ੍ਰੰਥੀ, ਰਿਕਾਰਡ ਕੀਪਰ ਭੁਪਿੰਦਰ ਸਿੰਘ, ਖਜ਼ਾਨਚੀ ਸੁਖਵਿੰਦਰ ਸਿੰਘ , ਗੁਰਪ੍ਰੀਤ ਸਿੰਘ, ਸਰਬਣ ਸਿੰਘ ਆਦਿ ਹਾਜ਼ਰ ਸਨ।

ਫ੍ਰੀ ਕੈਂਪ ਦੌਰਾਨ 214 ਮਰੀਜ਼ਾਂ ਦੀ ਕੀਤੀ ਜਾਂਚ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ, ਗੁਰਪ੍ਰੀਤ ਸਿੰਘ ਭੋਗਲ)-ਅੱਜ ਬਲਾਕ ਭੋਗਪੁਰ ਦੇ ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਪਿੰਡ ਲਾਧੜਾ ਵਿਖੇ ਪਿਮਸ ਹਸਪਤਾਲ ਜਲੰਧਰ ਵਲੋਂ ਮੈਡੀਕਲ ਵੈਲਫੇਅਰ ਸੁਸਾਇਟੀ ਲਾਧੜਾ ਵਿਖੇ ਅੱਖਾਂ ਅਤੇ ਬਲੱਡ ਸ਼ੂਗਰ ਚੈਕਅਪ ਦਾ ਫ੍ਰੀ ਕੈਂਪ ਲਗਾਇਆ ਗਿਆ। ਜਿਸ ਵਿਚ ਭਾਰੀ ਗਿਣਤੀ ਵਿੱਚ ਮਰੀਜ਼ਾਂ ਨੇ ਲਾਹਾ ਲਿਆ। ਡਾਕਟਰ ਸਮੀ ਭੱਲਾ ਮਾਰਕੀਟਿੰਗ ਮੈਨੇਜਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕੈਂਪ ਦੌਰਾਨ 75 ਪੁਰਸ਼, 129 ਇਸਤਰੀਆਂ ਅਤੇ 10 ਬੱਚਿਆਂ ਸਮੇਤ 214 ਮਰੀਜ਼ਾਂ ਨੇ ਆਪਣੇ ਅੱਖਾਂ ਤੇ ਬਲੱਡ ਸ਼ੂਗਰ ਦਾ ਚੈਕਅਪ ਕਰਵਾਇਆ। 177 ਲੋਕਾਂ ਨੂੰ ਚੈੱਕਅਪ ਤੋਂ ਬਾਅਦ ਫ੍ਰੀ ਨਿਗ੍ਹਾ ਦੀਆਂ ਐਨਕਾਂ ਦਿੱਤੀਆਂ ਗਈਆਂ। ਡਾਕਟਰ ਸਮਰੀਨ ਕੌਰ ਬਾਠ, ਡਾਕਟਰ ਈਸ਼ਾ ਐਮ ਬੀ ਬੀ ਐਸ ਡਾਕਟਰ ਯੂਨੀਅਨ, ਡਾ. ਨਵਨੀਤ ਸੋਨੀਆ, ਸਮੀ ਭੱਲਾ ਮਾਰਕੀਟਿੰਗ ਮੈਨੇਜਰ ਆਦਿ ਦੀ ਟੀਮ ਨੇ ਇਹ ਸਾਰੇ ਚੈਕਅਪ ਕੀਤੇ। ਇਸ ਸਮੇਂ ਸਰਪੰਚ ਸੁਖਵਿੰਦਰ ਸਿੰਘ, ਮਹਿੰਦਰਜੀਤ ਸਿੰਘ, ਰਘੁਵੀਰ ਸਿੰਘ, ਸੁਖਜੀਤ ਸਿੰਘ, ਪ੍ਰਿਤਪਾਲ ਸਿੰਘ, ਗੁਰਮਿੰਦਰ ਸਿੰਘ, ਮੱਖਣ ਸਿੰਘ, ਮਹੱਬਤ ਪਾਲ, ਨਰਿੰਦਰ ਸਿੰਘ, ਸੋਮਨਾਥ, ਬੂਟੀ ਲਾਲ, ਨਰਿੰਦਰ ਸਿੰਘ, ਅਮੋਲਕ ਸਿੰਘ, ਨਵਨੀਤ ਸਿੰਘ, ਗੁਰਦਿਆਲ ਸਿੰਘ, ਨੰਬਰਦਾਰ ਕੁਲਵੰਤ ਸਿੰਘ ਮੱਲ੍ਹੀ ਨੇ ਕੈਂਪ ਦੌਰਾਨ ਵਿਸ਼ੇਸ਼ ਭੂਮਿਕਾ ਨਿਭਾਈ।

ਹਸਪਤਾਲਾਂ 'ਚ ਜਲਦ ਸ਼ੁਰੂ ਹੋਣਗੀਆਂ ਕਾਰਡੀਅਕ ਤੇ ਨਿਊਰੋ ਸਰਜਰੀਆਂ : ਡਾ. ਬਲਬੀਰ

ਜਲੰਧਰ, (ਸ਼ੈਲੀ ਐਲਬਰਟ) ਵਿੱਤੀ ਤੌਰ 'ਤੇ ਕਮਜ਼ੋਰ ਲੋਕ ਜੋ ਕਿ ਪ੍ਰਾਈਵੇਟ ਹਸਪਤਾਲਾਂ ਵਿੱਚ ਕਾਰਡੀਓ ਅਤੇ ਨਿਊਰੋ ਨਾਲ ਸੰਬੰਧਿਤ ਬਿਮਾਰੀਆਂ ਦਾ ਮਹਿੰਗਾ ਇਲਾਜ ਨਹੀਂ ਕਰਵਾ ਸਕਦੇ ਨੂੰ ਵੱਡੀ ਰਾਹਤ ਦਿੰਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ.ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਲਦ ਹੀ ਜ਼ਿਲ੍ਹਾ ਹਸਪਤਾਲਾਂ ਵਿੱਚ ਕਾਰਡੀਐਕ ਅਤੇ ਨਿਊਰੋ ਸਰਜਰੀਆਂ ਸ਼ੁਰੂ ਕੀਤੀਆਂ ਜਾਣਗੀਆਂ। ਐਸੋਸੀਏਸ਼ਨ ਆਫ਼ ਹੈਲਥਕੇਅਰ ਪ੍ਰੋਵਾਈਡਰਜ਼ ਆਫ਼ ਇੰਡੀਆ ਵੱਲੋਂ ਕਰਵਾਈ ਗਈ ਕਾਨਫਰੰਸ ਪਿੱਛੋਂ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ, ਪੰਜਾਬ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਹਸਪਤਾਲਾਂ ਵਿੱਚ ਸੁਪਰ ਸਪੈਸ਼ਿਲਟੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਜਲਦ ਹੀ ਕ੍ਰਿਟੀਕਲ ਕੇਅਰ ਯੂਨਿਟ ਸਥਾਪਿਤ ਕੀਤੇ ਜਾ ਰਹੇ ਹਨ ਜਿਥੇ ਕਾਰਡੀਓਲੋਜੀ, ਨਿਊਰੋ ਸਰਜਰੀ, ਆਰਥੋਪੈਡਿਕਸ, ਆਈ.ਸੀ.ਸੀ., ਅਤੇ ਟਰੋਮਾ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਹ ਕ੍ਰਿਟੀਕਲ ਕੇਅਰ ਯੂਨਿਟਾਂ ਨੂੰ ਮੈਡੀਕਲ ਕਾਲਜਾਂ ਨਾਲ ਜੋੜਿਆ ਜਾਵੇਗਾ ਇਸ ਤਰ੍ਹਾਂ ਬਿਹਤਰੀਨ ਸਿਹਤ ਸਹੂਲਤਾਂ ਲੋਕਾਂ ਦੀ ਪਹੁੰਚ ਗੋਚਰੇ ਹੋਣਗੀਆਂ ਅਤੇ ਲੋਕਾਂ ਨੂੰ ਆਪਣੀ ਬੱਚਤ ਇਲਾਜ 'ਤੇ ਖ਼ਰਚ ਨਹੀਂ ਕਰਨੀ ਪਵੇਗੀ। ਡਾ.ਬਲਬੀਰ ਸਿੰਘ ਨੇ ਇਹ ਵੀ ਐਲਾਨ ਕੀਤਾ ਕਿ ਅਗਲੇ ਮਹੀਨੇ ਤੋਂ ਫਰਿਸ਼ਤੇ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਕਿਸੇ ਸੜਕੀ ਦੁਰਘਟਨਾ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਨੂੰ 24 ਘੰਟਿਆਂ ਦੌਰਾਨ ਜ਼ਰੂਰੀ ਡਾਕਟਰੀ ਇਲਾਜ ਮੁਫ਼ਤ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਦੁਰਘਟਨਾ ਗ੍ਰਸਤ ਮਰੀਜ਼ ਦੀ ਪਹਿਲੇ ਘੰਟੇ ਦੌਰਾਨ ਜਾਨ ਬਚਾਉਣ ਲਈ ਐਮਰਜੈਂਸੀ ਅਤੇ ਐਂਬੂਲੈਂਸ ਸੇਵਾਵਾਂ ਨੂੰ ਵੀ ਹੋਰ ਅਸਰਦਾਰ ਬਣਾਇਆ ਜਾਵੇਗਾ ਜੋ ਕਿ ਮਰੀਜ਼ ਦੀ ਜਾਨ ਬਚਾਉਣ ਲਈ ਬਹੁਤ ਹੀ ਮਹੱਤਵਪੂਰਨ ਸਮਾਂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਦੁਰਘਟਨਾ ਦਾ ਸ਼ਿਕਾਰ ਹੋਏ ਲੋਕਾਂ ਨੂੰ ਹਸਪਤਾਲ ਲਿਆਉਣ ਅਤੇ ਦਾਖਲ ਕਰਵਾਉਣ ਵਾਲੇ ਵਿਅਕਤੀ ਨੂੰ 2000 ਰੁਪਏ ਦਾ ਮਾਣਭੱਤਾ ਦਿੱਤਾ ਜਾਵੇਗਾ। ਡਾ.ਬਲਬੀਰ ਸਿੰਘ ਨੇ ਇਹ ਵੀ ਕਿਹਾ ਕਿ ਸਰਕਾਰੀ ਹਸਪਤਾਲਾਂ ਤੋਂ ਕੰਮ ਦੇ ਭਾਰ ਨੂੰ ਘਟਾਉਂਦਿਆਂ ਹੁਣ ਤੱਕ 664 ਆਮ ਆਦਮੀ ਕਲੀਨਿਕਾਂ ਵਿੱਚ 50 ਲੱਖ ਲੋਕਾਂ ਦਾ ਉਨ੍ਹਾਂ ਦੇ ਘਰਾਂ ਦੇ ਨੇੜੇ ਇਲਾਜ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅਤਿ ਆਧੁਨਿਕ ਆਮ ਆਦਮੀ ਕਲੀਨਿਕਾਂ ਵਿੱਚ 38 ਤਰ੍ਹਾਂ ਦੇ ਟੈਸਟ ਅਤੇ 94 ਤਰ੍ਹਾਂ ਦੀਆਂ ਵੱਖ-ਵੱਖ ਦਵਾਈਆਂ ਮਰੀਜਾਂ ਨੂੰ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਐਸੋਸੀਏਸ਼ਨ ਆਫ਼ ਹੈਲਥਕੇਅਰ ਪ੍ਰੋਵਾਈਡਰਸ ਆਫ਼ ਇੰਡੀਆ ਵਲੋਂ ਵਰਲਡ ਪੇਸੈਂਟ ਸੇਫ਼ਟੀ ਡੇਅ ਮੌਕੇ ਕਾਨਫਰੰਸ ਕਰਵਾਉਣ ਦੀ ਭਰਪੂਰ ਸ਼ਲਾਘਾ ਵੀ ਕੀਤੀ।

ਪ੍ਰਧਾਨ ਮੰਤਰੀ ਮੋਦੀ ਦਾ 73 ਵਾਂ ਜਨਮ ਦਿਨ ਮਨਾਇਆ

ਅਲਾਵਲਪੁਰ (ਮਦਨ ਬੰਗੜ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ 73ਵਾਂ ਜਨਮ ਦਿਨ ਅਲਾਵਲਪੁਰ ਭਾਜਪਾ ਮੰਡਲ ਵੱਲੋਂ ਸ੍ਰੀ ਗੀਤਾ ਭਵਨ ਅਲਾਵਲਪੁਰ ਵਿਖੇ ਲੱਡੂ ਵੰਡ ਕੇ ਮਨਾਇਆ ਗਿਆ। ਉਨ੍ਹਾਂ ਦੀ ਲੰਬੀ ਉਮਰ ਵਾਸਤੇ ਕਾਮਨਾ ਵੀ ਕੀਤੀ ਗਈ। ਇਲਾਕੇ ਭਰ ਤੋਂ ਭਾਜਪਾ ਵਰਕਰ ਹਾਜਰ ਹੋਏ, ਜਿਨ੍ਹਾਂ 'ਚ ਰਾਜੀਵ ਪਾਂਜਾ (ਸੂਬਾ ਭਾਜਪਾ ਕਾਰਜਕਾਰਨੀ ਮੈਂਬਰ ਪੰਜਾਬ), ਅਨਿਲ ਚੋਡਾ (ਮੰਡਲ ਭਾਜਪਾ ਪ੍ਰਧਾਨ ਅਲਾਵਲਪੁਰ), ਅਮਰਜੀਤ ਸਿੰਘ ਦੌਲਤਪੁਰ, ਪੰਕਜ ਸ਼ਰਮਾ, (ਮੰਡਲ ਭਾਜਪਾ ਮੀਤ ਪ੍ਰਧਾਨ), ਅੰਜਲੀ ਵਰਮਾ (ਜ਼ਿਲ੍ਹਾ ਭਾਜਪਾ ਸੱਕਤਰ), ਹਰਸ਼ਿਤ ਪਾਂਜਾ (ਯੂਵਾ ਮੋਰਚਾ ਮੰਡਲ ਭਾਜਪਾ ਪ੍ਰਧਾਨ), ਰਾਗਵ ਸੇਠੀ (ਯੂਵਾ ਮੋਰਚਾ ਮੰਡਲ ਜਨਰਲ ਸਕੱਤਰ), ਪ੍ਰਭੂ ਹਾਂਡਾ (ਯੂਵਾ ਮੋਰਚਾ ਮੰਡਲ ਭਾਜਪਾ ਮੀਤ ਪ੍ਰਧਾਨ), ਨਰੇਸ਼ ਬਿੱਲਾ (ਮੰਡਲ ਪ੍ਰਧਾਨ ਓ ਬੀ ਸੀ ਮੋਰਚਾ), ਮਨੀ ਚੋਡਾ, ਅਮਨਜਯੋਤੀ, ਰਾਘਵ ਵਰਮਾ ਹਾਜਰ ਹੋਏ।

ਪ੍ਰਧਾਨ ਮੰਤਰੀ ਦਾ ਜਨਮ ਦਿਨ ਮਨਾਇਆ

ਭਲਾਣ (ਹਰਭਜਨ ਢਿੱਲੋਂ) ਪਿੰਡ ਸੁਖਸਾਲ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਨਮ ਦਿਨ ਲਡੂ ਵੰਡ ਕੇ ਮਨਾਇਆ ਗਿਆ। ਇਸ ਮੌਕੇ ਜਿਲ੍ਹਾ ਰੋਪੜ ਦੇ ਉਪ ਪ੍ਰਧਾਨ ਐਡਵੋਕੇਟ ਨਿਪੁੰਨ ਸੋਨੀ, ਜਿਲ੍ਹਾ ਉਪ ਪ੍ਰਧਾਨ ਕੰਵਰ ਪੋਸਵਾਲ, ਡਾਕਟਰ ਜੀਵਨ ਚੌਧਰੀ ਅਤੇ ਗੋਹਲਣੀ ਮੰਡਲ ਦੇ ਪ੍ਰਧਾਨ ਵਰਿੰਦਰ ਵਿੱਕੀ ਸ਼ਰਮਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਵਿਸ਼ਵ ਪੱਧਰ 'ਤੇ ਸ਼ਕਤੀਸ਼ਾਲੀ ਆਗੂਆਂ ਦੀ ਸੂਚੀ ਵਿੱਚ ਆਉਂਦੇ ਹਨ। ਉਨ੍ਹਾਂ ਗਰੀਬ ਲੋਕਾਂ ਨੂੰ ਮੱਦਿਆਂ ਨਜ਼ਰ ਰੱਖਦੇ ਹੋਏ ਕਲਿਆਣਕਾਰੀ ਯੋਜਨਾ, ਗਰੀਬਾਂ ਲਈ ਪਖਾਨੇ ਬਣਾਉਣਾ, ਮਕਾਨ ਬਣਾਉਣੇ, ਗਰੀਬ ਔਰਤਾਂ ਨੂੰ ਉਜਵਲ ਸਕੀਮ ਅਧੀਨ ਗੈਸ ਸਿਲੰਡਰ ਦੇਣ ਤੋਂ ਇਲਾਵਾ ਵੀ ਹੋਰ ਬਹੁਤ ਸਾਰੀਆਂ ਯੋਜਨਾਵਾਂ ਦੇ ਕੇ ਦੇਸ਼ ਦੇ ਲੋਕਾਂ ਨੂੰ ਖੁਸਹਾਲ ਕੀਤਾ ਹੈ। ਇਸ ਮੌਕੇ ਰਾਮ ਕੁਮਾਰ ਸ਼ਰਮਾ, ਪ੍ਰੇਮ ਕੁਮਾਰ ਸ਼ਰਮਾ, ਅਜਮੇਰ ਪਲਾਸੀ, ਪਰਮੀਤ ਬੌਬੀ, ਪਵਨ ਕੁਮਾਰ, ਐਰੀ, ਜੀਤ ਰਾਮ, ਸੁਭਾਸ਼ ਮਨੋਹਰ ਲਾਲ, ਕੈਪਟਨ ਰਮੇਸ਼ ਚੰਦ, ਸੂਬੇਦਾਰ ਜਗਨ ਨਾਥ, ਅਸ਼ਵਨੀ ਕੁਮਾਰ,ਧਰੁਵ ਲਾਲ, ਪਤੰਬਰ ਲਾਲ, ਅਰਜਿਤ ਸੈਣੀ, ਸੁਭਾਸ਼, ਮਨੋਹਰ ਲਾਲ ਅਤੇ ਔਰਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਬਾਈਕ ਸਵਾਰਾਂ ਨੇ ਹਥਿਆਰਾਂ ਦੇ ਬਲ 'ਤੇ ਦੁਕਾਨਦਾਰ ਨੂੰ ਲੁੱਟਿਆ

ਅਲਾਵਲਪੁਰ (ਮਦਨ ਬੰਗੜ)-ਬੀਤੀ ਸ਼ਾਮ ਜਲੰਧਰ ਤੋਂ ਕਰਿਆਨੇ ਦਾ ਸਮਾਨ ਲੈ ਕੇ ਅਲਾਵਲਪੁਰ ਪਰਤ ਰਹੇ ਨੌਜਵਾਨ ਦੁਕਾਨਦਾਰ ਤੋਂ ਤੇਜਧਾਰ ਹਥਿਆਰਾਂ ਨਾਲ ਨਕਦੀ ਲੁੱਟ ਕੇ 5 ਬਾਈਕ ਸਵਾਰ ਫਰਾਰ ਹੋ ਗਏ। ਪੀੜਤ ਆਸਾ ਰਾਮ ਵਾਸੀ ਮੁਹੱਲਾ ਰਾਮਗੜ੍ਹੀਆ ਅਲਾਵਲਪੁਰ ਨੇ ਦੱਸਿਆ ਕਿ ਉਹ ਕਰਿਆਨੇ ਦੀ ਦੁਕਾਨ ਕਰਦਾ ਹੈ ਅਤੇ ਜਲੰਧਰ ਤੋਂ ਕਰਿਆਨੇ ਦਾ ਸਮਾਨ ਲੈ ਕੇ ਈ- ਰਿਕਸ਼ਾ 'ਤੇ ਵਾਪਸ ਅਲਾਵਲਪੁਰ ਨੂੰ ਆ ਰਿਹਾ ਸੀ। ਜਦੋਂ ਉਹ ਅਲਾਵਲਪੁਰ- ਕਿਸ਼ਨਗੜ੍ਹ ਰੋਡ ''ਤੇ ਰੇਲਵੇ ਕਰਾਸਿੰਗ ਨੇੜੇ ਪਹੁੰਚਿਆ ਤਾਂ ਪਿੱਛੋ ਤੋਂ ਆਏ ਐਕਟਿਵਾ ਅਤੇ ਬਾਇਕ ਸਵਾਰ 5 ਬਦਮਾਸ਼ਾਂ ਨੇ ਤੇਜਧਾਰ ਹਥਿਆਰਾਂ ਦੇ ਬਲ ਨਾਲ ਪਹਿਲਾਂ ਈ- ਰਿਕਸ਼ਾ ਨੂੰ ਸੁੰਨਸਾਨ ਜਗ੍ਹਾ 'ਤੇ ਰੋਕ ਲਿਆ ਤੇ ਉਸ ਤੋਂ 5 ਹਜ਼ਾਰ ਰੁਪਏ ਦੀ ਨਕਦੀ ਲੁੱਟ ਕੇ ਕਿਸ਼ਨਗੜ੍ਹ ਵੱਲ ਫਰਾਰ ਹੋ ਗਏ। ?ਪੀੜਤ ਵਲੋਂ ਘਟਨਾ ਸੰਬੰਧੀ ਸਥਾਨਕ ਪੁਲਸ ਨੂੰ ਸੂਚਨਾ ਦਿੱਤੀ ਗਈ ਹੈ।

ਮੋਦੀ ਸਰਕਾਰ ਨੂੰ 2024 ਦੀਆਂ ਚੋਣਾਂ 'ਚ ਹਰਾਉਣਾ ਮਜ਼ਦੂਰ ਵਰਗ ਲਈ ਜ਼ਰੂਰੀ : ਸੇਖੋਂ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਬੱਬਰਾਂ ਦੀ ਧਰਤੀ ਦੌਲਤਪੁਰ ਵਿਖੇ ਬਬਰ ਕਰਮ ਸਿੰਘ ਦੌਲਤਪੁਰ, ਬਬਰ ਉਦੇ ਸਿੰਘ ਬਬਰ ਬਿਸ਼ਨ ਸਿੰਘ ਬੱਬਰ ਕੈਪਟਨ ਮਹਿਤਾ ਸਿੰਘ ਅਸ਼ੋਕ ਚਕਰ ਵਿਜੇਤਾ, ਬੱਬਰ ਮਹਿੰਦਰ ਸਿੰਘ ਅਤੇ ਫੌਜਾ ਸਿੰਘ ਦੀ 100 ਵੀਂ ਬਰਸੀ ਪਿੰਡ ਦੌਲਤਪੁਰ ਵਿਖੇ ਮਨਾਈ ਗਈ। ਇਸ ਮੌਕੇ ਬੋਲਦਿਆਂ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਮੋਦੀ ਸਰਕਾਰ ਨੂੰ 2024 ਦੀਆਂ ਚੋਣਾਂ ਵਿੱਚ ਚਲਦਾ ਕਰਨਾ ਮਜਦੂਰ ਵਰਗ ਲਈ ਜਰੂਰੀ ਹੈ। ਮੋਦੀ ਨੇ ਆਪਣੇ ਭਾਈਵਾਲਾਂ ਨੂੰ ਮੁਨਾਫਾ ਦਿਵਾਉਣ ਲਈ ਮਜਦੂ

19-SEP-PAGE-10.qxd 9/18/2023 11:10 PM Page 1

ਗੰਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਨਗਰ ਕੌਂਸਲ ਖਿਲਾਫ ਨਾਅਰੇਬਾਜ਼ੀ

ਮੋਤੀ ਨਗਰ ਦੀਆਂ ਔਰਤਾਂ ਤੇ ਬੱਚੇ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ 'ਤੇ ਨਗਰ ਕੌਂਸਲ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ।

ਤਪਾ ਮੰਡੀ (ਅਰੁਣ ਗੋਇਲ)

ਸਥਾਨਕ ਮੋਤੀ ਨਗਰ 'ਚ ਨਾਲੀਆਂ ਦੇ ਓਵਰਫਲੋ ਪਾਣੀ ਦੀ ਨਿਕਾਸੀ ਨੂੰ ਲੈ ਕੇ ਮੁਹੱਲੇ ਦੀਆਂ ਔਰਤਾਂ ਨੇ ਨਗਰ ਕੌਂਸਲ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਮੋਤੀ ਨਗਰ ਦੀਆਂ ਔਰਤਾਂ ਨੇ ਦੱਸਿਆ ਕਿ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਅਤੇ ਪਾਣੀ ਘਰਾਂ 'ਚ ਦਾਖਲ ਹੋਣ ਕਾਰਨ ਬੀਮਾਰੀਆਂ ਵਧਣ ਦਾ ਡਰ ਸਤਾ ਰਿਹਾ ਹੈ। ਇਸ ਸੰਬੰਧੀ ਵਾਰਡ ਕੌਂਸਲਰ ਤੇ ਨਗਰ ਕੌਂਸਲ ਤਪਾ ਦੇ ਧਿਆਨ 'ਚ ਵੀ ਲਿਆਂਦਾ ਗਿਆ ਹੈ ਕਿ ਸਿਹਤ ਵਿਭਾਗ ਦੇ ਕਰਮਚਾਰੀ ਉਨ੍ਹਾਂ ਦੇ ਗਮਲੇ, ਕੂਲਰ ਤੇ ਟੱਬ ਤਾਂ ਚੈੱਕ ਕਰਨ ਆ ਜਾਂਦੇ ਹਨ, ਪਰ ਘਰਾਂ 'ਚ ਦਾਖਲ ਹੋਏ ਗੰਦੇ ਪਾਣੀ ਨੂੰ ਕੌਣ ਚੈੱਕ ਕਰੇਗਾ? ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਡੇਂਗੂ ਵਰਗੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਮੱਸਿਆ ਦਾ ਜਲਦ ਸਮਾਧਾਨ ਨਾ ਹੋਇਆ ਤਾਂ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਨਗਰ ਕੌਂਸਲ ਦੀ ਹੋਵੇਗੀ। ਇਸ ਮੌਕੇ ਮੱਖਣ ਲਾਲ ਤਾਜੋਕੇ, ਵਿਨੋਦ ਕੁਮਾਰ ਗੋਗੀ, ਹਰਦੇਵ ਸਿੰਘ, ਪੁਸ਼ਪਾ ਰਾਣੀ, ਕਮਲੇਸ਼ ਰਾਣੀ, ਪੱਪੀ, ਊਸ਼ਾ ਰਾਣੀ, ਸੋਨੂੰ ਬਾਲਾ, ਨੈਣਾ ਦੇਵੀ, ਰਮਾ ਦੇਵੀ, ਨੀਨੂ ਤੇ ਤ੍ਰਿਸ਼ਲਾ ਦੇਵੀ ਆਦਿ ਹਾਜ਼ਰ ਸਨ।

ਨਸ਼ਾ ਖਰੀਦਣ ਆਏ ਡੇਢ ਦਰਜਨ ਨੌਜਵਾਨ ਪਿੰਡ ਵਾਸੀਆਂ ਵੱਲੋਂ ਕਾਬੂ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਪੁਲਸ ਥਾਣਾ ਘੱਗਾ ਅਧੀਨ ਆਉਂਦੇ ਪਿਛਲੇ ਲੰਬੇ ਸਮੇਂ ਤੋਂ ਨਸ਼ਿਆਂ ਦੀ ਹੱਬ ਬਣੇ ਪਿੰਡ ਦੋਧਨਾਂ ਵਾਸੀਆਂ ਵੱਲੋਂ ਨਸ਼ਾ ਤਸ਼ਕਰਾਂ ਖਿਲਾਫ ਲੰਬੇ ਸਮੇਂ ਤੋਂ ਚੱਲ ਰਹੀ ਮੁਹਿਮ ਨੇ ਉਸ ਸਮੇਂ ਆਪਣਾ ਰੰਗ ਵਿਖਾਇਆ, ਜਦੋਂ ਪਿੰਡ ਵਿੱਚ ਨਸ਼ਿਆਂ ਦੀ ਖਰੀਦ ਲਈ ਆਏ ਡੇਢ ਦਰਜਨ ਦੇ ਕਰੀਬ ਨੌਜਵਾਨਾਂ ਨੂੰ ਪਿੰਡ ਵਾਸੀਆਂ ਨੇ ਕਾਬੂ ਕਰ ਲਿਆ। ਭਾਵੇਂ ਇਨ੍ਹਾਂ ਫੜੇ ਗਏ ਨੌਜਵਾਨਾਂ ਕੋਲੋਂ ਸਿੱਧੇ ਰੂਪ ਵਿੱਚ ਕਿਸੇ ਨਸ਼ੇ ਦੀ ਕੋਈ ਬਰਾਮਦਗੀ ਨਹੀਂ ਹੋਈ, ਪਰ ਕੁਝ ਨੌਜਵਾਨਾਂ ਤੋਂ ਚਿੱਟੇ ਦੇ ਟੀਕੇ ਲਗਾਉਣ ਲਈ ਮਿਲੀਆਂ ਖਾਲੀ ਸਰਿੰਜਾਂ ਅਤੇ ਲੋਕਾਂ ਦੀ ਹਾਜਰੀ ਵਿੱਚ ਨਸਾ ਖਰੀਦਣ ਆਉਣ ਸਬੰਧੀ ਕੀਤੇ ਗਏ ਕਬੂਲਨਾਮੇ ਨੇ ਨਸ਼ਿਆਂ ਖਿਲਾਫ ਸੂਬਾ ਸਰਕਾਰ ਵੱਲੋਂ ਚਲਾਈ ਗਈ ਮੁਹਿਮ ਉੱਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਪਿੰਡ ਵਾਸੀਆਂ ਵੱਲੋਂ ਫੜੇ ਗਏ ਨੌਜਵਾਨਾਂ ਸਬੰਧੀ ਪੁਲਸ ਨੂੰ ਸੂਚਿਤ ਕੀਤੇ ਜਾਣ ਉੱਤੇ ਘੱਗਾ ਪੁਲਸ ਥਾਣੇ ਦੇ ਮੁਲਾਜ਼ਮਾਂ ਨੇ ਮੌਕੇ ਉਤੇ ਪਹੁੰਚ ਕੇ ਮਾਮਲੇ ਦੀ ਪੜਤਾਲ ਕੀਤੀ। ਇਸ ਦੌਰਾਨ ਪੁਲਸ ਮੁਲਾਜ਼ਮਾਂ ਨੇ ਨੌਜਵਾਨਾਂ ਦੇ ਸਾਰੇ ਵਹੀਕਲਾਂ ਨੂੰ ਚਲਾਨ ਕੱਟ ਕੇ ਥਾਣੇ 'ਚ ਬੰਦ ਕਰ ਦਿੱਤਾ।

ਪਿੰਡ ਵਾਸੀਆਂ ਵੱਲੋਂ ਫੜੇ ਗਏ ਨੌਜਵਾਨ ਤੇ ਕਾਰਵਾਈ ਕਰਦੀ ਹੋਈ ਪੁਲਸ।

ਜਾਣਕਾਰੀ ਦਿੰਦਿਆਂ ਨਸ਼ਾ ਵਿਰੋਧੀ ਮੁਹਿਮ ਤੇ ਕਿਰਤੀ ਕਿਸਾਨ ਯੂਨੀਅਨ ਦੀ ਸਥਾਨਕ ਇਕਾਈ ਦੇ ਆਗੂ ਗੁਰਵਿੰਦਰ ਸਿੰਘ ਦੋਧਨਾਂ ਦੀ ਅਗਵਾਈ ਵਿੱਚ ਪਿੰਡ ਵਾਸੀ ਹਰਜੀਤ ਸਿੰਘ, ਸਤਨਾਮ ਸਿੰਘ, ਤੇਜਾ ਸਿੰਘ, ਦਰਸ਼ਨ ਸਿੰਘ, ਰਾਮ ਸਿੰਘ ਤੇ ਨਿਰਮਲ ਸਿੰਘ ਨੇ ਦੱਸਿਆ ਕਿ ਪਿੰਡ ਦੇ ਇੱਕ ਫਿਰਕੇ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦੀ ਸਪਲਾਈ ਦਾ ਕੰਮ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਕਈ ਵਾਰੀ ਪੁਲਸ ਵੱਲੋਂ ਕਾਰਵਾਈ ਕੀਤੇ ਜਾਣ ਦੇ ਬਾਵਜੂਦ ਜਮਾਨਤ ਉਤੇ ਆ ਕੇ ਇਹ ਲੋਕ ਮੁੜ ਤੋਂ ਨਸ਼ਿਆਂ ਦੇ ਧੰਦੇ ਵਿੱਚ ਲੱਗ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕਾਂ ਦੇ ਕਾਲੇ ਕਾਰੋਬਾਰ ਤੋਂ ਦੁਖੀ ਪਿੰਡ ਵਾਸੀਆਂ ਵੱਲੋਂ ਕਰੀਬ ਦੋ ਸਾਲ ਪਹਿਲਾਂ ਤੋਂ ਇਨ੍ਹਾਂ ਖਿਲਾਫ ਮੁਹਿਮ ਚਲਾਈ ਜਾ ਰਹੀ ਹੈ, ਪਰ ਇਹ ਲੋਕ ਬਾਜ਼ ਨਹੀਂ ਆ ਰਹੇ। ਉਨ੍ਹਾਂ ਦੱਸਿਆ ਕਿ ਅੱਜ ਜਦੋਂ ਪਿੰਡ ਵਿੱਚ ਇੱਕ ਭੋਗ ਸਬੰਧੀ ਸਮਾਗਮ ਚੱਲ ਰਿਹਾ ਸੀ ਤਾਂ ਵੱਡੀ ਗਿਣਤੀ ਵਿੱਚ ਬਾਹਰਲੇ ਪਿੰਡਾਂ ਦੇ ਨੌਜਵਾਨ ਨਸ਼ਾ ਖ਼ਰੀਦਣ ਆਏ, ਜਿਸ ਦੀ ਭਿਣਕ ਪਿੰਡ ਵਾਸੀਆਂ ਨੂੰ ਪੈਣ ਉੱਤੇ ਉਨ੍ਹਾਂ ਇਕੱਤਰ ਹੋ ਕੇ ਘੇਰ ਲਿਆ ਤੇ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ। ਮੌਕੇ ਉੱਤੇ ਪੁੱਜੇ ਏ ਐੱਸ ਆਈ ਖੇਮ ਚੰਦ ਨੇ ਦੱਸਿਆ ਕਿ ਪੁਲਸ ਨੇ ਫੜੇ ਗਏ ਕਰੀਬ ਅਠਾਰਾਂ ਨੌਜਵਾਨਾਂ ਵਿੱਚੋਂ ਕਿਸੇ ਵੀ ਕੋਲੋਂ ਨਸ਼ੇ ਦੀ ਕੋਈ ਬਰਾਮਦਗੀ ਨਹੀਂ ਹੋਈ, ਪਰ ਉਨ੍ਹਾਂ ਦੇ ਨਾਮ ਅਤੇ ਪਤੇ ਨੋਟ ਕਰਨ ਦੇ ਨਾਲ-ਨਾਲ ਇਨ੍ਹਾਂ ਦੇ ਵਹੀਕਲਾਂ ਨੂੰ ਚਲਾਨ ਕੱਟ ਕੇ ਥਾਣੇ ਵਿੱਚ ਬੰਦ ਕਰ ਦਿੱਤਾ ਹੈ। ਉਨ੍ਹਾ ਦੱਸਿਆ ਕਿ ਸਾਰੇ ਫੜੇ ਗਏ ਨੌਜਵਾਨਾਂ ਦੇ ਮਾਪਿਆਂ ਨੂੰ ਬੁਲਾ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

10ਵੇਂ ਸਾਲਾਸਰ ਮੋਬਾਇਲ ਲੰਗਰ ਸੇਵਾ ਦੀ ਰਵਾਨਗੀ 16 ਨੂੰ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)

ਪਿਛਲੇ ਕਈ ਸਾਲਾਂ ਤੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸਮਾਜ ਸੇਵਾ ਦੇ ਕਾਰਜ ਕਰਦੇ ਆ ਰਹੇ ਜਨ ਭਲਾਈ ਕਲੱਬ (ਰਜਿ.) ਵੱਲੋਂ '10ਵੇਂ ਸਾਲਾਸਰ ਮੋਬਾਇਲ ਲੰਗਰ ਸੇਵਾ' ਦੀ ਤਿਆਰੀ ਸਬੰਧੀ ਰਾਮ ਨਗਰ ਬਸਤੀ ਬਠਿੰਡਾ ਰੋਡ ਵਿਖੇ ਦਫ਼ਤਰ ਖੋਲ੍ਹਿਆ ਗਿਆ। ਇਸ ਮੌਕੇ ਪੰਡਤ ਪਵਨ ਕੁਮਾਰ ਸ਼ਰਮਾ (ਸ਼ਨੀਦੇਵ ਮੰਦਰ ਵਾਲੇ) ਵੱਲੋਂ ਪੂਰੇ ਵਿਧੀ ਵਿਧਾਨ ਤੇ ਪੁਰਾਤਨ ਸੰਸਕ੍ਰਿਤਕ ਰਸਮਾਂ ਅਨੁਸਾਰ ਬਾਲਾ ਜੀ ਦਾ ਪੂਜਨ ਕਰਾਇਆ ਗਿਆ।

ਕਲੱਬ ਪ੍ਰਧਾਨ ਨਰਿੰਦਰ ਕੁਮਾਰ ਬੰਟੀ, ਜਗਪ੍ਰੀਤ ਪਾਲ ਜੋਨੀ ਤੇ ਹੋਰ ਅਹੁਦੇਦਾਰਾਂ ਨੇ ਬਾਲਾ ਜੀ ਦਾ ਪੂਜਨ ਕੀਤਾ ਅਤੇ ਜੋਤ ਪ੍ਰਚੰਡ ਕਰਕੇ ਦਫਤਰ ਦਾ ਸ਼ੁਭ ਮਹੂਰਤ ਕੀਤਾ ਗਿਆ। ਇਸ ਮੌਕੇ ਜੈ ਸੀਆ ਰਾਮ ਸਾਲਾਸਰ ਪੈਦਲ ਯਾਤਰਾ ਸੰਘ ਤੋਂ ਦੀਪਕ ਗੁਪਤਾ ਵਾਈਟ ਹਾਊਸ ਵਾਲੇ ਵੀ ਵਿਸ਼ੇਸ਼ ਤੌਰ 'ਤੇ ਬਾਲਾ ਜੀ ਦੇ ਪੂਜਨ ਵਿੱਚ ਸ਼ਾਮਲ ਹੋਏ। ਇਸ ਮੌਕੇ ਸਾਲਾਸਰ ਮੋਬਾਇਲ ਲੰਗਰ ਸੇਵਾ ਦੇ ਸੰਸਥਾਪਕ ਚੇਅਰਮੈਨ ਜਗਪ੍ਰੀਤ ਪਾਲ ਜੋਨੀ ਨੇ ਦੱਸਿਆ ਕਿ ਜਨ ਭਲਾਈ ਕਲੱਬ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਸਾਲਾਸਰ ਧਾਮ ਦੇ ਰਸਤੇ 'ਚ ਮੋਬਾਇਲ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਆਉਂਦੀ 16 ਅਕਤੂਬਰ ਨੂੰ ਸਵੇਰੇ 9:15 ਵਜੇ ਦਫਤਰ ਤੋਂ ਸਾਲਾਸਰ ਧਾਮ ਲਈ '10ਵੇਂ ਸਾਲਾਸਰ ਮੋਬਾਇਲ ਲੰਗਰ ਸੇਵਾ' ਦੀ ਰਵਾਨਗੀ ਕੀਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਕਲੱਬ ਵੱਲੋਂ ਇਸ ਵਾਰ ਸਾਲਾਸਰ ਮੋਬਾਇਲ ਲੰਗਰ ਸੇਵਾ ਦੇ ਨਾਮ 'ਤੇ ਕਿਊ ਆਰ ਕੋਡ ਵੀ ਜਾਰੀ ਕੀਤਾ ਗਿਆ ਹੈ, ਜਿਸ ਨੂੰ ਸਕੈਨ ਕਰਕੇ ਕੋਈ ਵੀ ਵਿਅਕਤੀ ਆਪਣੀ ਸ਼ਰਧਾ ਅਨੁਸਾਰ ਲੰਗਰ ਵਿੱਚ ਆਰਥਿਕ ਸਹਿਯੋਗ ਕਰ ਸਕਦਾ ਹੈ।

ਕਲੱਬ ਦੇ ਪ੍ਰੈਸ ਸਕੱਤਰ ਖੇਮ ਸਿੰਘ ਨੇ ਦੱਸਿਆ ਕਿ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਵਾਰ ਵੀ ਇਲਾਕਾ ਨਿਵਾਸੀਆਂ ਤੇ ਹੋਰ ਸਹਿਯੋਗੀ ਸੱਜਣਾਂ ਦੀ ਸਹਾਇਤਾ ਨਾਲ ਸ੍ਰੀ ਸਾਲਾਸਰ ਧਾਮ ਵਿਖੇ ਵੱਖ-ਵੱਖ ਥਾਂਵਾਂ 'ਤੇ 10ਵਾਂ ਸਾਲਾਸਰ ਮੋਬਾਇਲ ਲੰਗਰ ਪ੍ਰਭੂ ਇੱਛਾ ਤੱਕ ਲਾਇਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸਾਲਾਸਰ ਧਾਮ ਜਾਣ ਵਾਲੇ ਪੈਦਲ ਯਾਤਰੀਆਂ ਤੇ ਹੋਰ ਸ਼ਰਧਾਲੂਆਂ ਲਈ ਸੇਵਾਦਾਰਾਂ ਵੱਲੋਂ ਸ਼ਰਧਾ ਪੂਰਵਕ ਮੋਬਾਇਲ ਲੰਗਰ ਸੇਵਾ ਨਿਭਾਈ ਜਾਂਦੀ ਹੈ।

ਕਾਤਰਾਂ

ਕਾਰ 'ਚੋਂ ਦਸ ਪੇਟੀਆਂ ਨਜਾਇਜ਼ ਸ਼ਰਾਬ ਬਰਾਮਦ, ਮੁਲਜ਼ਮ ਫਰਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਸਰਹਿੰਦ ਪੁਲਸ ਵੱਲੋਂ ਇੱਕ ਸਵਿਫਟ ਡਿਜ਼ਾਇਰ ਕਾਰ 'ਚੋਂ 10 ਪੇਟੀਆਂ ਸ਼ਰਾਬ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਸਮਸ਼ੇਰ ਸਿੰਘ ਨੂੰ ਮੁਖਬਰੀ ਮਿਲੀ ਸੀ ਕਿ ਰਣਜੋਧ ਸਿੰਘ ਉਰਫ ਜੋਧਾ ਤੇ ਵਿਜੈ ਕੁਮਾਰ ਵਾਸੀਆਨ ਮੰਡੀ ਗੋਬਿੰਦਗੜ੍ਹ ਚੰਡੀਗੜ੍ਹ ਤੋਂ ਸਸਤੀ ਸ਼ਰਾਬ ਲਿਆ ਕੇ ਸਰਹਿੰਦ ਤੇ ਮੰਡੀ ਗੋਬਿੰਦਗੜ੍ਹ ਦੇ ਇਲਾਕੇ 'ਚ ਮਹਿੰਗੇ ਭਾਅ 'ਤੇ ਵੇਚਣ ਦਾ ਧੰਦਾ ਕਰਦੇ ਹਨ, ਜੋ ਕਿ ਸਵਿਫਟ ਡਿਜ਼ਾਇਰ ਕਾਰ ਨੰਬਰ 11-1400 'ਚ ਚੰਡੀਗੜ੍ਹ ਵੱਲੋਂ ਸ਼ਰਾਬ ਲੈ ਕੇ ਆ ਰਹੇ ਹਨ। ਮੁਖਬਰੀ ਮਿਲਣ 'ਤੇ ਨਾਕਾਬੰਦੀ ਕਰਦੇ ਹੋਏ ਪੁਲਸ ਪਾਰਟੀ ਵੱਲੋਂ ਉਕਤ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਕਾਰ ਸਵਾਰ ਦੋਵੇਂ ਵਿਅਕਤੀ ਕਾਰ ਮੌਕੇ 'ਤੇ ਛੱਡ ਕੇ ਫਰਾਰ ਹੋ ਗਏ, ਜਿਸ ਉਪਰੰਤ ਕਾਰ ਚੈੱਕ ਕਰਨ 'ਤੇ ਉਸ ਵਿੱਚੋਂ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 10 ਪੇਟੀਆਂ (120 ਬੋਤਲਾਂ) ਬਰਾਮਦ ਹੋਈਆਂ, ਜਿਸ 'ਤੇ ਕਾਰ ਨੂੰ ਕਬਜ਼ੇ 'ਚ ਲੈਂਦਿਆਂ ਥਾਣਾ ਸਰਹਿੰਦ ਵਿਖੇ ਰਣਜੋਧ ਸਿੰਘ ਉਰਫ ਜੋਧਾ ਤੇ ਵਿਜੈ ਕੁਮਾਰ ਵਿਰੁੱਧ ਅ/ਧ 61/1/14 ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ।

ਬੀਬਾ ਕੁਲਦੀਪ ਕੌਰ ਨਮਿੱਤ ਸ਼ਰਧਾਂਜਲੀ ਸਮਾਗਮ 22 ਨੂੰ

ਮਲੋਟ (ਗੁਰਮੀਤ ਸਿੰਘ ਮੱਕੜ)-ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਕਾਮਰੇਡ ਅਮਰੀਕ ਸਿੰਘ ਨੂੰ ਉਦੋਂ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਧਰਮਪਤਨੀ ਬੀਬਾ ਕੁਲਦੀਪ ਕੌਰ ਬੀਤੇਂ ਦਿਨੀਂ ਅਚਾਨਕ ਸਵਰਗਵਾਸ ਹੋ ਗਏ। ਉਨ੍ਹਾਂ ਦੀ ਮੌਤ 'ਤੇ ਸ਼ਹਿਰ ਦੀਆਂ ਵੱਖ ਵੱਖ ਸਮਾਜਿਕ, ਵਪਾਰਕ ਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੀਬਾ ਕੁਲਦੀਪ ਕੌਰ ਨਮਿੱਤ ਸ਼ਰਧਾਂਜਲੀ ਸਮਾਗਮ ਤੇ ਪਾਠ ਦਾ ਭੋਗ ਗੁਰੂ ਨਾਨਕ ਨਗਰੀ ਦੇ ਗੁਰਦੁਆਰਾ ਸਾਹਿਬ ਵਿਖੇ 22 ਸਤੰਬਰ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗਾ।

ਨਗਰ ਪੰਚਾਇਤ ਬਰੀਵਾਲਾ ਦੀ ਵੋਟਰ ਸੂਚੀ ਦੀ ਪ੍ਰਕਾਸ਼ਨਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਗਾਮੀ ਨਗਰ ਪੰਚਾਇਤ ਚੋਣਾਂ ਦੇ ਮੱਦੇਨਜ਼ਰ ਨਗਰ ਪੰਚਾਇਤ ਬਰੀਵਾਲਾ ਦੀ ਡਰਾਫਟ ਵੋਟਰ ਸੂਚੀ ਦੀ ਪ੍ਰਕਾਸ਼ਨਾ 15 ਸਤੰਬਰ 2023 ਨੂੰ ਐੱਸ.ਡੀ.ਐੱਮ-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫਸਰ 86-ਮੁਕਤਸਰ ਸ੍ਰੀ ਕੰਵਰਜੀਤ ਸਿੰਘ ਨੇ ਕਰ ਦਿੱਤੀ ਹੈ। ਉਨ੍ਹਾ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ 22 ਸਤੰਬਰ 2023 ਤੱਕ ਵੋਟਰ ਸੂਚੀ ਸਬੰਧੀ ਦਾਅਵੇ/ਇਤਰਾਜ਼ ਪ੍ਰਾਪਤ ਕੀਤੇ ਜਾਣੇ ਹਨ। ਇਹ ਦਾਅਵੇ/ਇਤਰਾਜ਼ ਉਨ੍ਹਾਂ ਦੇ ਦਫਤਰ ਜਾਂ ਨਗਰ ਪੰਚਾਇਤ ਬਰੀਵਾਲਾ ਦੇ ਦਫਤਰ ਵਿਖੇ 22 ਸਤੰਬਰ 2023 ਤੱਕ ਦਸਤੀ ਪੇਸ਼ ਕੀਤੇ ਜਾ ਸਕਦੇ ਹਨ ਜਾਂ ਡਾਕ ਰਾਹੀਂ ਭੇਜੇ ਜਾ ਸਕਦੇ ਹਨ। ਇਨ੍ਹਾਂ ਦਾਅਵੇ/ਇਤਰਾਜ਼ਾਂ ਦਾ ਨਿਪਟਾਰਾ ਸ਼ਡਿਊਲ ਅਨੁਸਾਰ 06 ਅਕਤੂਬਰ 2023 ਤੱਕ ਕੀਤਾ ਜਾਣਾ ਹੈ, ਇਸ ਤੋਂ ਬਾਅਦ 16 ਅਕਤੂਬਰ 2023 ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਕਰ ਦਿੱਤੀ ਜਾਵੇਗੀ।

ਅਕਾਲੀ ਆਗੂ ਸਨਮੁੱਖ ਮੋਖਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਸਨਮੁੱਖ ਸਿੰਘ ਮੋਖਾ ਸੁਨਾਮ ਦਾ ਬੀਤੇ ਦਿਨੀਂ ਦਿਹਾਂਤ ਹੋਣ ਕਾਰਨ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਇਸ ਅਚਾਨਕ ਮੌਤ 'ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਕੈਬਨਿਟ ਮੰਤਰੀ ਅਮਨ ਅਰੋੜਾ, ਬਲਦੇਵ ਸਿੰਘ ਮਾਨ ਸਾਬਕਾ ਮੰਤਰੀ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ ਲੌਂਗੋਵਾਲ, ਪ੍ਰਿੰਸੀਪਲ ਹਰਪ੍ਰੀਤ ਸਿੰਘ ਸਿੱਧੂ, ਚੇਅਰਮੈਨ ਮਹਿੰਦਰ ਸਿੰਘ ਦੁੱਲਟ ਸ਼ਹੀਦ ਭਾਈ ਦਿਆਲਾ ਪਬਲਿਕ ਸੀਨੀ. ਸੈਕੰਡਰੀ ਸਕੂਲ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਨੰਬਰਦਾਰ ਰੁਪਿੰਦਰ ਸਿੰਘ ਦੁੱਲਟ, ਭਾਜਪਾ ਮੰਡਲ ਪ੍ਰਧਾਨ ਰਤਨ ਕੁਮਾਰ, ਡਾ. ਰੂਪ ਸਿੰਘ ਸ਼ੇਰੋਂ, ਕੇਵਲ ਸਿੰਘ ਸਾਬਕਾ ਸਰਪੰਚ ਸ਼ੇਰੋਂ, ਸਾਬਕਾ ਸਰਪੰਚ ਪਾਲੀ ਕਮਲ ਉੱਭਾਵਾਲ, ਕਾ. ਬੀਬੀ ਸ਼ਮਿੰਦਰ ਕੌਰ ਦੁੱਲਟ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰੈੱਸ ਸਕੱਤਰ ਅਮਰਜੀਤ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਕੌਮੀ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸਿੱਧੂ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਹੈਰੋਇਨ ਤੇ ਡਰੱਗ ਮਨੀ ਦੇ ਦੋਸ਼ਾਂ 'ਚ ਤਿੰਨ ਗ੍ਰਿਫ਼ਤਾਰ

ਧੂਰੀ (ਸੁਖਦੇਵ ਧੂਰੀ)-ਸਦਰ ਥਾਣਾ ਪੁਲਸ ਵੱਲੋਂ ਐੱਸ ਐੱਚ ਓ ਜਗਦੀਪ ਸਿੰਘ ਦੀ ਅਗਵਾਈ ਹੇਠ ਵੱਖ ਵੱਖ ਕੇਸਾਂ 'ਚ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਇਸ ਸੰਬੰਧ

19-Sep-PAGE-11-Majha-2023.qxd 9/18/2023 11:03 PM Page 1

ਤਰਕਸ਼ੀਲ਼ ਸੁਸਾਇਟੀ ਵੱਲੋਂ ਸਕੂਲੀ ਸਿੱਖਿਆ 'ਚ ਅੰਧਵਿਸ਼ਵਾਸੀ ਤੇ ਰੂੜੀਵਾਦੀ ਪਾਠਕ੍ਰਮਾਂ ਦਾ ਵਿਰੋਧ

20 ਸਤੰਬਰ ਨੂੰ ਐੱਸ ਸੀ ਈ ਆਰ ਟੀ ਦੇ ਨਿਰਦੇਸ਼ਕ ਨੂੰ ਮੰਗ ਪੱਤਰ ਦੇਣ ਦਾ ਫੈਸਲਾ

ਅੰਮ੍ਰਿਤਸਰ18 ਸਤੰਬਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ਼ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਤਰਕਸ਼ੀਲ਼ ਸੁਸਾਇਟੀ ਵਲੋਂ ਸਕੂਲੀ ਸਿੱਖਿਆ 'ਚੋਂ ਅੰਧ ਵਿਸ਼ਵਾਸੀ ਤੇ ਰੂੜੀਵਾਦੀ ਪਾਠਕ੍ਰਮਾਂ ਨੂੰ ਬਾਹਰ ਕੱਢਣ ਅਤੇ ਜੀਵ ਵਿਕਾਸ ਸਿਧਾਂਤ ਸਮੇਤ ਵੱਖ ਵੱਖ ਮਹੱਤਵਪੂਰਨ ਵਿਗਿਆਨਕ ਪਾਠਕ੍ਰਮਾਂ ਨੂੰ ਬਰਕਰਾਰ ਰੱਖਣ ਲਈ ਐੱਸਸੀਈਆਰਟੀ ਮੁਹਾਲੀ ਦੇ ਨਿਰਦੇਸ਼ਕ ਨੂੰ 20 ਸਤੰਬਰ ਨੂੰ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ ਪੰਜਾਬ ਵਿੱਚ ਅੰਧਵਿਸ਼ਵਾਸ਼ ਵਿਰੋਧੀ ਕਾਨੂੰਨ ਲਾਗੂ ਕਰਵਾਉਣ, ਸਿੱਖਿਆ ਦੇ ਭਗਵਾਂਕਰਨ ,ਦੇਸ਼ ਵਿਚ ਵੱਧ ਰਹੇ ਫ਼ਿਰਕੂ ਫਾਸ਼ੀਵਾਦ ਅਤੇ ਆਮ ਲੋਕਾਂ ਦੇ ਜਮਹੂਰੀ ਹੱਕਾਂ ਉੱਤੇ ਹ�ो ਰਹੇ ਵੱਡੇ ਹਮਲਿਆਂ ਆਦਿ ਮੁੱਦਿਆਂ ਸੰਬੰਧੀ ਭਰਪੂਰ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਸੂਬਾਈ ਮੀਡੀਆ ਮੁੱਖੀ ਸੁਮੀਤ ਸਿੰਘ ਵੱਲੋਂ ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜਪਾਲ ਸਿੰਘ ਅਤੇ ਜੋਗਿੰਦਰ ਕੁੱਲੇਵਾਲ ਦੇ ਹਵਾਲੇ ਨਾਲ ਦੱਸਿਆ ਕਿ ਕੌਮੀ ਪੱਧਰ ਉੱਤੇ ਪਾਠਕ੍ਰਮ ਨਿਰਧਾਰਿਤ ਕਰਨ ਵਾਲੀ ਸੰਸਥਾ ਐੱਨਸੀਈਆਰਟੀ ਵੱਲੋਂ ਵਿਦਿਆਰਥੀਆਂ ਉੱਤੋਂ ਬੋਝ ਘਟਾਉਣ ਦੇ ਨਾਂ ਉੱਤੇ ਦਸਵੀਂ ਸ਼੍ਰੇਣੀ ਦੇ ਸਿਲੇਬਸ ਵਿਚੋਂ ਜੀਵ-ਵਿਕਾਸ ਤੱਤਾਂ ਦੀ ਆਵਰਤੀ ਸਾਰਨੀ, ਊਰਜਾ ਦੇ ਸੋਮੇ, ਕੁਦਰਤੀ ਸਾਧਨਾਂ ਦੀ ਸਾਂਭ-ਸੰਭਾਲ ਅਤੇ ਹੋਰ ਕਈ ਮਹੱਤਵਪੂਰਨ ਪਾਠਕ੍ਰਮ ਬਾਹਰ ਕੱਢੇ ਗਏ ਹਨ। ਅਜਿਹੀ ਬੁਨਿਆਦੀ ਸਮਝ ਬਨਾਉਣ ਵਾਲੇ ਪਾਠਕ੍ਰਮਾਂ ਦਾ ਕੱਢਿਆ ਜਾਣਾ ਵਿਦਿਆਰਥੀਆਂ ਨੂੰ ਵਿਗਿਆਨਕ ਜਾਣਕਾਰੀ ਤੋਂ ਹੀ ਵਾਂਝਾ ਨਹੀਂ ਕਰਦਾ ਸਗੋਂ ਉਨ੍ਹਾਂ ਵਿੱਚ ਵਿਗਿਆਨਕ ਨਜ਼ਰੀਆ ਪੈਦਾ ਹੋਣ ਵਿੱਚ ਵੀ ਰੁਕਾਵਟ ਬਣਦਾ ਹੈ ਜਦ ਕਿ ਵਿਗਿਆਨਕ ਚੇਤਨਾ ਪੈਦਾ ਕਰਨੀ ਸੰਵਿਧਾਨ ਦੀ ਧਾਰਾ 51-ਏ ਤਹਿਤ ਹਕੂਮਤਾਂ ਦਾ ਸੰਵਿਧਾਨਕ ਫਰਜ ਹੈ।ਤਰਕਸ਼ੀਲ਼ ਆਗੂਆਂ ਨੇ ਦੱਸਿਆ ਕਿ ਤਰਕਸ਼ੀਲ਼ ਸੁਸਾਇਟੀ ਦੇ ਇਕ ਵਫਦ ਵੱਲੋਂ ਐਸਸੀਈਆਰਟੀ ਦੇ ਪਾਠਕ੍ਰਮ 'ਚੋਂ ਅੰਧ ਵਿਸ਼ਵਾਸੀ ਤੇ ਰੂੜੀਵਾਦੀ ਪਾਠਕ੍ਰਮ ਬਾਹਰ ਕੱਢਣ ਅਤੇ ਵਿਗਿਆਨ ਦੇ ਪਾਠਕ੍ਰਮ ਵਿਚ ਜੀਵ ਵਿਕਾਸ ਅਤੇ ਹੋਰ ਮਹੱਤਵਪੂਰਨ ਵਿਗਿਆਨਕ ਸਮੱਗਰੀ ਬਰਕਰਾਰ ਰੱਖਣ ਦੀ ਮੰਗ ਨੂੰ ਲੈ ਕੇ ਐਸ ਸੀ ਈ ਆਰ ਟੀ ਦੇ ਨਿਰਦੇਸ਼ਕ ਨੂੰ 20 ਸਤੰਬਰ ਨੂੰ ਮੁਹਾਲੀ ਵਿਖੇ ਇਕ ਮੰਗ ਪੱਤਰ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਪੰਜਾਬ ਦੇ ਜੋਨ ਜੱਥੇਬੰਦਕ ਆਗੂਆਂ ਮਾਸਟਰ ਪਰਮਵੇਦ ਸੰਗਰੂਰ, ਸਤਪਾਲ ਸਲੋਹ ਨਵਾਂ ਸ਼ਹਿਰ,ਸ਼ਰਜੀਤ ਟਿੱਬਾ ਜਲੰਧਰ, ਗੁਰਮੀਤ ਖਰੜ ਚੰਡੀਗੜ੍ਹ, ਰਾਜਵੰਤ ਬਾਗੜੀਆਂ ਅੰਮ੍ਰਿਤਸਰ,ਆਤਮਾ ਸਿੰਘ ਲੁਧਿਆਣਾ,ਬਲਰਾਜ ਮੌੜ ਬਠਿੰਡਾ, ਪ੍ਰਵੀਨ ਜੰਡਵਾਲਾ ਮੁਕਤਸਰ ਅਤੇ ਮਾਸਟਰ ਲੱਖਾ ਸਿੰਘ ਮਾਨਸਾ ਵਲੋਂ ਆਪਣੇ ਆਪਣੇ ਜੋਨਾਂ ਅਤੇ ਇਕਾਈਆਂ ਵਿਚ ਪਿਛਲੇ ਦੋ ਮਹੀਨੇ ਦੌਰਾਨ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਅਤੇ ਵਿਗਿਆਨਕ ਚੇਤਨਾ ਲਈ ਦੋਵਰਕੀ ਵੰਡਣ ਸਮੇਤ ਕੀਤੀਆਂ ਵੱਖ ਵੱਖ ਸਰਗਰਮੀਆਂ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਗਈਆਂ ਅਤੇ ਪੰਜਾਬ ਵਿਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਨੂੰ ਲਾਗੂ ਕਰਵਾਉਣ ਅਤੇ ਅਤੇ ਸਮਾਜ ਵਿੱਚ ਅੰਧ ਵਿਸ਼ਵਾਸ਼ ਅਤੇ ਬਾਬਾਵਾਦ ਦੇ ਖਿਲਾਫ ਵਿਗਿਆਨਕ ਚੇਤਨਾ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਤਰਕਸ਼ੀਲ਼ ਸਾਹਿਤ ਵੈਨ ਨੂੰ ਪੰਜਾਬ ਦੇ ਸਾਰੇ ਵਿਦਿਅਕ ਅਦਾਰਿਆਂ,ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਨਿਰਧਾਰਤ ਰੂਟ ਅਨੁਸਾਰ ਪ੍ਰਦਰਸ਼ਿਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ।

ਇਸ ਮੌਕੇ ਸੂਬਾ ਕਮੇਟੀ ਆਗੂਆਂ ਰਾਜੇਸ਼ ਅਕਲੀਆ, ਜਸਵਿੰਦਰ ਫਗਵਾੜਾ, ਅਜੀਤ ਪ੍ਰਦੇਸੀ ਅਤੇ ਗੁਰਪ੍ਰੀਤ ਸ਼ਹਿਣਾ ਅਤੇ ਸੰਦੀਪ ਧਾਰੀਵਾਲ ਭੋਜਾਂ ਨੇ ਮੋਦੀ ਸਰਕਾਰ ਵਲੋਂ ਹਿੰਦੂ ਰਾਸ਼ਟਰ ਦੇ ਫ਼ਿਰਕੂ ਏਜੰਡੇ ਹੇਠ ਸਿੱਖਿਆ ਦੇ ਕੀਤੇ ਜਾ ਰਹੇ ਭਗਵਾਂਕਰਨ, ਇਕਸਾਰ ਸਿਵਲ ਕੋਡ ਅਤੇ ਝੂਠੇ ਕੇਸਾਂ ਹੇਠ ਲੋਕ ਪੱਖੀ ਪੱਤਰਕਾਰਾਂ, ਵਕੀਲਾਂ, ਬੁੱਧੀਜੀਵੀਆਂ, ਲੇਖਕਾਂ, ਸਮਾਜਿਕ ਕਾਰਕੁਨਾਂ ਦੀ ਜੇਲ੍ਹਾਂ ਵਿਚ ਅਣਮਿੱਥੇ ਸਮੇਂ ਦੀ ਨਜਰਬੰਦੀ ਦਾ ਡਟਵਾਂ ਵਿਰੋਧ ਕਰਦਿਆਂ ਕਿਹਾ ਕਿ ਭਾਜਪਾ-ਸੰਘ ਵਲੋਂ 2024 ਦੀਆਂ ਆਮ ਚੋਣਾਂ ਜਿੱਤਣ ਲਈ ਘੱਟ ਗਿਣਤੀਆਂ ਅਤੇ ਸਿਆਸੀ ਵਿਰੋਧੀਆਂ ਨੂੰ ਜਬਰ ਨਾਲ ਦਬਾਉਣ ਲਈ ਫ਼ਿਰਕੂ ਫਾਸ਼ੀਵਾਦੀ ਰਾਜਨੀਤੀ ਨੂੰ ਤੇਜੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਜੋ ਕਿ ਦੇਸ਼ ਵਿਚ ਦਿਨੋਂ ਦਿਨ ਸੁੰਗੜਦੀ ਜਾ ਰਹੀ ਜਮਹੂਰੀਅਤ ਅਤੇ ਧਰਮ ਨਿਰਪੱਖਤਾ ਨੂੰ ਮੁੱਢੋਂ ਖਤਮ ਕਰਨ ਦੀ ਵੱਡੀ ਸਾਜ਼ਿਸ਼ ਵੀ ਹੈ ਜਿਸਦੇ ਖ਼ਿਲਾਫ਼ ਹਮ ਖਿਆਲ ਜੱਥੇਬੰਦੀਆਂ ਨਾਲ ਮਿਲ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਦੇਸ਼ ਵਿਚ ਜਮਹੂਰੀ ਲਹਿਰ ਉਸਾਰਨ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ।

2 ਗੱਡੀ ਚਾਲਕਾਂ ਖਿਲਾਫ ਐਨੀਮਲ ਐਕਟ ਤਹਿਤ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਪੁਰਾਣਾ ਸ਼ਾਲਾ ਦੇ ਏਐੱਸਆਈ ਜਗਦੀਸ਼ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵਰਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਜਗਤਪੁਰ ਖੁਰਦ (ਖਾਰੀਆ) ਨੇ ਕਿਹਾ ਕਿ ਮੈਂ 16.09.23 ਨੂੰ ਅੱਡਾ ਪੁਰਾਣਾ ਸ਼ਾਲਾ ਤੋਂ ਆਪਣਾ ਨਿੱਜੀ ਕੰਮ ਕਰਕੇ ਆਪਣੀ ਸਕੂਟਰੀ ਐਕਟਿਵਾ 'ਤੇ ਸਵਾਰ ਹੋ ਕੇ ਆਪਣੇ ਪਿੰਡ ਨੂੰ ਜਾ ਰਿਹਾ ਸੀ ਵਤਕ ਕਰੀਬ 7.30 ਵਜੇ ਜਦ ਉਹ ਆਪਣੇ ਪਿੰਡ ਦੇ ਨੇੜੇ ਪੁੱਜਾ ਤਾਂ ਇੱਕ ਗੱਡੀ ਚਾਲਕ ਪ੍ਰੇਮ ਮਸੀਹ ਚਾਲਕ ਛੋਟਾ ਹਾਥੀ ਨੰਬਰੀ ਪੀ.ਬੀ.06.ਬੀ.ਈ. 2784 ਨੂੰ ਚੈੱਕ ਕੀਤਾ ਤਾਂ ਇਸ ਵਿੱਚ 03 ਬਲਦ ਲੱਦੇ ਹੋਏ ਸਨ, ਜਿਨ੍ਹਾਂ ਨੂੰ ਨੱਥਾਂ ਤੋਂ ਜੜ ਕੇ ਗੱਡੀ ਨਾਲ ਬੰਨ੍ਹਿਆ ਹੋਇਆ ਸੀ। ਇੰਨੇ ਨੂੰ ਇੱਕ ਬਲੈਰੋ ਗੱਡੀ ਨੰਬਰੀ ਪੀਬੀ 02.ਡੀ.ਓ.8643 ਮੌਕੇ 'ਤੇ ਆਈ ਜਿਸਨੂੰ ਡੈਨੀਆਲ ਮਸੀਹ ਚਲਾ ਰਿਹਾ ਸੀ ਅਤੇ ਮੰਗਾ ਮਸੀਹ ਨਾਲ ਬੈਠਾ ਸੀ ਜੋ ਦੋਵੇਂ ਗੱਡੀ ਛੱਡ ਕੇ ਭੱਜ ਗਏ।

ਇਸ ਗੱਡੀ ਵਿੱਚ 04 ਗਾਵਾਂ ਮੂੰਹ ਤੋਂ ਰੱਸੀ ਨਾਲ ਜਕੜ ਕੇ ਗੱਡੀ ਦੇ ਐਂਗਲ ਨਾਲ ਬੰਨ੍ਹੀਆਂ ਹੋਈਆ ਸਨ।

ਪੁਲਸ ਨੇ ਪ੍ਰੇਮ ਮਸੀਹ, ਡੈਨੀਅਲ ਮਸੀਹ ਅਤੇ ਮੰਗਾ ਮਸੀਹ ਖ਼ਿਲਾਫ਼ ਐਨੀਮਲ ਐਕਟ ਤਹਿਤ ਮਾਮਲਾ ਦਰਜ ਕਰਕੇ ਪ੍ਰੇਮ ਮਸੀਹ ਨੂੰ ਗ੍ਰਿਫਤਾਰ ਕਰ ਲਿਆ ਹੈ ਜਦੋਂਕਿ ਬਾਕੀ ਦੋਸ਼ੀ ਅਜੇ ਫਰਾਰ ਚੱਲ ਰਹੇ ਹਨ।

ਹਰਜੀਤ ਕਾਹਲੋਂ ਦੇ ਭਰਾ ਨੂੰ ਘਰ 'ਚ ਵੜ ਕੇ ਮਾਰੀ ਗੋਲੀ, ਜ਼ਖਮੀ ਜ਼ੇਰੇ ਇਲਾਜ

ਕਲਾਨੌਰ (ਮਨਦੀਪ ਕੁਮਾਰ)-ਕਸਬਾ ਕਲਾਨੌਰ ਵਿਖੇ ਚਿੱਟੇ ਦਿਨ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਕਾਹਲੋਂ ਦੇ ਛੋਟੇ ਭਰਾ ਹਰਪ੍ਰੀਤ ਸਿੰਘ ਕਾਹਲੋਂ ਨੂੰ ਉਸ ਦੇ ਘਰ ਵਿੱਚ ਦਾਖਲ ਹੋ ਕੇ ਗੋਲੀ ਮਾਰ ਦਿੱਤੀ ਗੋਲੀ ਉਸ ਦੇ ਪੱਟ ਵਿਚੋਂ ਆਰ-ਪਾਰ ਹੋ ਗਈ ਜਿਸਨੂੰ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਕੰਵਲਜੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਉਹ ਅਤੇ ਉਸ ਦਾ ਛੋਟਾ ਭਰਾ ਕਲਾਨੌਰ ਤੋਂ ਬਾਹਰ ਪੈਂਦੇ ਆਪਣੇ ਡੇਰੇ ਤੇ ਆਪਣੇ ਘਰ ਦੇ ਬਾਹਰ ਬੈਠਾ ਮੋਬਾਈਲ ਫੋਨ ਦੇਖ ਰਿਹਾ ਸੀ। ਇਸ ਦੌਰਾਨ ਤਿੰਨ ਮੋਟਰ ਸਾਈਕਲ ਸਵਾਰ ਨੌਜਵਾਨ ਆਏ ਜਿਨ੍ਹਾਂ ਵਿੱਚੋਂ ਪਹਿਲਾਂ ਇੱਕ ਨੌਜਵਾਨ ਨੇ ਅੰਦਰ ਦਾਖਲ ਹੋ ਕੇ ਹਰਪ੍ਰੀਤ ਨੂੰ ਕਿਹਾ ਕਿ ਗਿਆਨ ਸਾਗਰ ਕਾਲਜ ਤੁਹਾਡਾ ਹੈ ਅਤੇ ਅਸੀਂ ਉਥੇ ਅਹਾਤਾ ਖੋਲ੍ਹਣਾ ਹੈ। ਇੰਨੀ ਗੱਲ ਕਰ ਰਿਹਾ ਸੀ ਕਿ ਦੂਸਰੇ ਮੋਟਰਸਾਈਕਲ ਸਵਾਰ ਨੇ ਅੰਦਰ ਹੋ ਕੇ ਉਸਦੇ ਗੋਲੀ ਮਾਰ ਦਿੱਤੀ ਜੋ ਹਰਪ੍ਰੀਤ ਸਿੰਘ ਦੇ ਪੱਟ ਵਿੱਚ ਵੱਜੀ। ਇਸ ਮੌਕੇ ਜ਼ਖਮੀ ਹੋਏ ਹਰਪ੍ਰੀਤ ਸਿੰਘ ਦੀ ਪਤਨੀ ਕੁਲਵਿੰਦਰ ਕੌਰ ਬਲਾਕ ਪ੍ਰਧਾਨ ਆਂਗਣਵਾੜੀ ਯੂਨੀਅਨ ਨੇ ਦੱਸਿਆ ਕਿ ਉਹ ਕਮਰੇ ਵਿੱਚ ਸੀ ਅਤੇ ਉਸਨੇ ਗੋਲੀ ਦੀ ਆਵਾਜ਼ ਸੁਣੀ ਅਤੇ ਜਦੋਂ ਬਾਹਰ ਆਈ ਤਾਂ ਵੇਖਿਆ ਕਿ ਉਸ ਦਾ ਪਤੀ ਖੂਨ ਨਾਲ ਲੱਥ ਪੱਥ ਸੀ ਜਿੱਥੇ ਤੁਰੰਤ ਹਰਪ੍ਰੀਤ ਸਿੰਘ ਨੂੰ ਪਰਿਵਾਰਕ ਜੀਆਂ ਵੱਲੋਂ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਦਾਖਲ ਕਰਵਾਇਆ। ਇਸ ਘਟਨਾ ਦੀ ਖਬਰ ਸੁਣਦਿਆਂ ਹੀ ਪੁਲਸ ਕਰਮਚਾਰੀ ਵੀ ਹਸਪਤਾਲ ਪਹੁੰਚੇ। ਇਸ ਸਬੰਧੀ ਜਦੋਂ ਥਾਣਾ ਕਲਾਨੌਰ ਦੇ ਐਸਐਚਓ ਨਾਲ ਗੱਲ ਹੋਈ ਤਾਂ ਉਨ੍ਹਾਂ ਨੇ ਕਿਹਾ ਕਿ ਹਰਪ੍ਰੀਤ ਸਿੰਘ ਦੇ ਬਿਆਨ ਲਿਖਣ ਤੋਂ ਬਾਅਦ ਸੀਸੀ ਫੁਟੇਜ ਚੈਕ ਕਰਨ ਤੋਂ ਬਾਅਦ ਦੋਸ਼ੀਆਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

64ਵੇਂ ਦੂਰਦਰਸ਼ਨ ਦਿਵਸ 'ਤੇ ਖਾਲਸਾ ਕਾਲਜ 'ਚ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਕਰਵਾਇਆ

ਅੰਮ੍ਰਿਤਸਰ ਸਤੰਬਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਦੇ ਪੋਸਟ ਗ੍ਰੈਜੂਏਟ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਭਾਗ ਵੱਲੋਂ 64ਵੇਂ ਦੂਰਦਰਸ਼ਨ ਦਿਵਸ 'ਤੇ ਵਿਦਿਆਰਥੀਆਂ ਲਈ ਕਵਿੱਜ਼ ਮੁਕਾਬਲਾ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਸਹਿਯੋਗ ਸਦਕਾ ਕਰਵਾਏ ਇਸ ਮੁਕਾਬਲੇ ਦਾ ਮੁੱਖ ਮਕਸਦ ਪੱਤਰਕਾਰਤਾ ਦੇ ਵਿਦਿਆਰਥੀਆਂ ਨੂੰ ਦੂਰਦਰਸ਼ਨ ਦੀ ਸਥਾਪਨਾ ਤੋਂ ਲੈ ਕੇ ਉਸ ਦੀ ਕਾਮਯਾਬੀ ਸਬੰਧੀ ਜਾਣੂ ਕਰਵਾਉਣਾ ਸੀ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਦੂਰਦਰਸ਼ਨ ਬਾਰੇ ਦੱਸਦਿਆਂ ਕਿਹਾ ਕਿ ਗਿਆਨ ਨੇ ਇਨਸਾਨ ਨੂੰ ਅਨੇਕਾਂ ਅਦਭੁੱਤ ਉਪਕਰਨ ਪ੍ਰਦਾਨ ਕੀਤੇ ਹਨ। ਇਨ੍ਹਾਂ ਉਪਕਰਨਾਂ 'ਚੋਂ ਇਕ ਸਧਾਨ ਦੂਰਦਰਸ਼ਨ ਹੈ। ਟੈਲੀਵਿਜ਼ਨ ਇਕ ਅਜਿਹਾ ਅਦਭੁੱਤ ਯੰਤਰ ਹੈ, ਜਿਸ ਨੂੰ ਕੁਝ ਸਮੇਂ ਪਹਿਲਾਂ ਕਲਪਨਾ ਦੀ ਚੀਜ਼ ਸਮਝਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਆਧੁਨਿਕ ਯੁੱਗ 'ਚ ਇਹ ਮਨੋਰੰਜਨ ਦੇ ਨਾਲ ਨਾਲ ਸੂਚਨਾਵਾਂ ਪ੍ਰਾਪਤ ਕਰਨ ਦਾ ਇਕ ਮਹੱਤਵਪੂਰਨ ਸਾਧਨ ਵੀ ਹੈ। ਪਹਿਲਾਂ ਇਸ ਦਾ ਇਸਤੇਮਾਲ ਮਹਾਂਨਗਰਾਂ ਦੇ ਅਮੀਰ ਘਰਾਂ ਤੱਕ ਸੀਮਿਤ ਸੀ ਪਰ ਵਰਤਮਾਨ 'ਚ ਇਸ ਦੀ ਪਹੁੰਚ ਸ਼ਹਿਰ ਅਤੇ ਪਿੰਡਾਂ ਦੇ ਘਰ-ਘਰ ਤੱਕ ਹੋ ਗਈ ਹੈ। ਇਸ ਮੌਕੇ ਵਿਭਾਗ ਦੀ ਕੋਆਰਡੀਨੇਟਰ ਪ੍ਰੋ: ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਦੂਰਦਰਸ਼ਨ ਬਾਰੇ ਅਹਿਮ ਤੱਥਾਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਦੂਰਦਰਸ਼ਨ ਦੇ ਅੱਜ 34 ਸੈਟੇਲਾਈਟ ਚੈਨਲ ਹਨ। ਇਸ ਦੇ ਨਾਲ ਹੀ 14 ਹਜ਼ਾਰ ਜ਼ਮੀਨੀ ਟਰਾਂਸਮੀਟਰ ਅਤੇ 66 ਸਟੂਡੀਓ ਦੇ ਨਾਲ ਦੂਰਦਰਸ਼ਨ ਦੇਸ਼ ਦਾ ਸਭ ਤੋਂ ਵੱਡਾ ਪ੍ਰਸਾਰਣ ਕੇਂਦਰ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਦੂਰਦਰਸ਼ਨ ਕੋਲ ਦੇਸ਼ ਭਰ 'ਚ 66 ਸਟੂਡੀਓ ਹਨ ਜਿਨ੍ਹਾਂ 'ਚੋਂ 17 ਰਾਜਾਂ ਦੀ ਰਾਜਧਾਨੀਆਂ 'ਚ ਹਨ ਅਤੇ ਬਾਕੀ 49 ਵੱਖ-ਵੱਖ ਸ਼ਹਿਰਾਂ 'ਚ ਹਨ।

ਇਸ ਮੌਕੇ ਵਿਭਾਗ ਇੰਚਾਰਜ ਡਾ. ਸਾਨਿਆ ਮਰਵਾਹਾ ਨੇ ਸਮੂਹ ਸਨਮਾਨਿਤ ਵਿਦਿਆਰਥੀਆਂ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਇਸ ਮੁਕਾਬਲੇ 'ਚ ਈਸ਼ਾ ਸ਼ਰਮਾ ਬੀ. ਏ. ਜੇ. ਐਮ. ਸੀ. 5ਵਾਂ ਸਮੈਸਟਰ ਨੇ ਪਹਿਲਾਂ, ਚਰਨਜੋਤ ਨੇ ਦੂਸਰਾ ਅਤੇ ਬੀ. ਏ. ਜੇ. ਐਮ. ਸੀ. ਸਮੈਸਟਰ ਪਹਿਲਾਂ ਦੀ ਰੌਸ਼ਨੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰੋ: ਸੁੰਦਰੇ, ਪ੍ਰੋ: ਹਰੀ, ਪ੍ਰੋ: ਸੁਰਭੀ, ਪ੍ਰੋ: ਜਸਕੀਰਤ, ਪ੍ਰੋ: ਹਰਜੀਤ, ਪ੍ਰੋ: ਭਾਵਨੀ ਆਦਿ ਤੋਂ ਇਲਾਵਾ ਵਿਦਿਆਰਥੀ ਮੌਜੂਦ ਸਨ।

ਨਾਥਪੁਰ ਦੀਆਂ ਸੰਗਤਾਂ ਨੇ ਬੜੀ ਸ਼ਰਧਾ ਨਾਲ ਮਨਾਇਆ ਪਹਿਲਾ ਪ੍ਰਕਾਸ਼ ਪੁਰਬ

ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਪਿੰਡ ਨਾਥਪੁਰ ਦੇ ਗੁਰਦੁਆਰਾ ਸਿੰਘ ਸਭਾ ਸਾਹਿਬ ਵਿਖੇ ਸਮੂਹ ਪ੍ਰਬੰਧਕਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧ ਵਿਚ ਗੁਰਦੁਆਰਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸ਼ਾਮ ਵੇਲੇ ਸਬਦ ਚੌਂਕੀ ਕੱਢੀ ਗਈ ਜਿਸ ਵਿੱਚ ਸੰਗਤ ਦੇ ਵੱਲੋਂ ਗੁਰਬਾਣੀ ਕੀਰਤਨ ਦੇ ਜਾਪ ਕੀਤੇ ਗਏ। ਗੁਰਦੁਆਰਾ ਸਾਹਿਬ ਵਿੱਚ ਦੀਵਾਨ ਸਜਾਏ ਗਏ। ਦੀਵਾਨ ਵਿਚ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਸਿੰਘ ਸਾਹਿਬ ਬਾਬਾ ਸਰਵਣ ਸਿੰਘ ਸਮੇਤ ਸਮੂਹ ਪ੍ਰਬੰਧਕਾਂ ਨੇ ਪਹਿਲ

19-Sep-PAGE-12.qxd 9/18/2023 11:08 PM Page 1

ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਹਫ਼ਤਾਵਾਰੀ ਵਰਕਸ਼ਾਪ ਸਫ਼ਲਤਾ ਪੂਰਵਕ ਸਮਾਪਤ

ਕਰਤਾਰਪੁਰ (ਹਰਮੇਸ਼ ਦੱਤ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਵਿਖੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ (ਬਹਾਦਰਗੜ੍ਹ) ਸੁਖਮਿੰਦਰ ਸਿੰਘ ਵਿੱਦਿਆ ਸਕੱਤਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਪਲੇਸਮੈਂਟ ਇੰਚਾਰਜ ਸ.ਬੀ.ਐੱਸ ਭੁੱਲਰ ਦੇ ਸਹਿਯੋਗ ਨਾਲ ਕਾਲਜ ਪ੍ਰਿੰਸੀਪਲ, ਡਾ.ਹਰਮਨਦੀਪ ਸਿੰਘ ਗਿੱਲ ਦੀ ਦੇਖ-ਰੇਖ ਹੇਠ ਲਗਾਏ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਵੱਲੋਂ ਲੜਕੀਆਂ ਲਈ ਰੁਜ਼ਗਾਰ ਤੇ ਜੀਵਨ ਕੌਸ਼ਲ ਸਿਖਲਾਈ ਪ੍ਰੋਗਰਾਮ ਅਧੀਨ ਲਗਾਈ ਗਈ ਹਫ਼ਤਾਵਾਰੀ ਵਰਕਸ਼ਾਪ ਦਾ ਸਫ਼ਲਤਾਪੂਰਨ ਸਮਾਪਨ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਸਾਹਿਬ ਨੇ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਅੱਜ ਦੇ ਸਮੇਂ ਦੀ ਮੁੱਖ ਲੋੜ ਹਨ ਜੋ ਵਿਦਿਆਰਥੀਆਂ ਅੰਦਰ ਲੁਕੀ ਪ੍ਰਤਿਭਾ ਨੂੰ ਨਿਖਾਰਣ ਵਿੱਚ ਸਹਾਈ ਹੋਣ। ਉਹਨਾਂ ਕਿਹਾ ਕਿ ਇਸ ਹਫ਼ਤਾਵਾਰੀ ਪ੍ਰੋਗਰਾਮ ਤੋਂ ਵਿਦਿਆਰਥੀਆਂ ਨੇ ਜੀਵਨ ਵਿੱਚ ਕੰਮ ਆਉਣ ਵਾਲੇ ਅਹਿਮ ਨੁਕਤੇ ਸਿੱਖੇ, ਜਿਨ੍ਹਾ ਕਾਰਣ ਉਨ੍ਹਾ ਦੇ ਸਵੈ-ਵਿਸ਼ਵਾਸ ਅਤੇ ਉਹਨਾਂ ਦੀ ਸਰਵਪੱਖੀ ਸ਼ਖਸੀਅਤ ਵਿੱਚ ਅਹਿਮ ਬਦਲਾਵ ਦੇਖਣ ਨੂੰ ਮਿਲੇ। ਇਸ ਮੌਕੇ ਵਰਕਸ਼ਾਪ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਵੱਲੋਂ ਟ੍ਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ ਅਤੇ ਟ੍ਰੇਨਰ ਮੈਡਮ ਭਾਰਤੀ ਚੱਡਾ ਨੂੰ ਕਾਲਜ ਪ੍ਰਿੰਸੀਪਲ ਡਾ.ਹਰਮਨਦੀਪ ਸਿੰਘ ਗਿੱਲ ਵੱਲੋਂ ਯਾਦਗਾਰੀ ਚਿੰਨ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾ. ਸੁਚੇਤਾ ਰਾਣੀ, ਡਾ. ਕਮਲਜੀਤ ਸਿੰਘ, ਪ੍ਰੋ. ਸੁਖਵੀਰ ਰੂਬੀ, ਪ੍ਰੋ. ਗੁਰਇਕਬਾਲ ਸਿੰਘ, ਪ੍ਰੋ. ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।

ਲੋਕਤੰਤਰ, ਪ੍ਰਭੁਸੱਤਾ ਅਤੇ ਸੰਵਿਧਾਨ ਨੂੰ ਬਚਾਉਣ ਲਈ ਭਾਜਪਾ ਨੂੰ ਸੱਤਾ ਤੋਂ ਹਟਾਉਣਾ ਜ਼ਰੂਰੀ : ਕਸ਼ਯਪ, ਮਲਿਕ

ਸ਼ਾਹਕੋਟ (ਗਿਆਨ ਸੈਦਪੁਰੀ)- ਭਾਜਪਾ ਦੇ ਰੂਪ ਵਿੱਚ ਕਾਰਪੋਰੇਟ ਅਤੇ ਫਿਰਕੂ ਗਠਜੋੜ ਸੱਤਾ ਵਿੱਚ ਹੈ। ਦੇਸ਼ ਦੇ ਲੋਕਤੰਤਰ, ਪ੍ਰਭੁਸੱਤਾ ਅਤੇ ਸੰਵਿਧਾਨ ਨੂੰ ਬਚਾਉਣ ਲਈ ਸਭ ਤੋਂ ਪਹਿਲਾਂ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨਾ ਹੋਵੇਗਾ। ਇਹ ਗੱਲ ਸੀਪੀਆਈ ਦੇ ਸੂਬਾ ਸਕੱਤਰ ਦਰਿਆਵ ਸਿੰਘ ਕਸ਼ਯਪ ਅਤੇ ਸੀਪੀਆਈਐਮ ਦੇ ਸੂਬਾ ਸਕੱਤਰ ਸੁਰਿੰਦਰ ਮਲਿਕ ਨੇ ਹਰਿਆਣਾ ਵਿਖੇ ਹੋਈ ਖੱਬੇਪੱਖੀ ਪਾਰਟੀਆਂ ਦੇ ਸੂਬਾ ਪੱਧਰੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਆਖੀ। ਸੰਮੇਲਨ ਦੀ ਪ੍ਰਧਾਨਗੀ ਸਵਿਤਾ ਅਤੇ ਧਰਮਪਾਲ ਚੌਹਾਨ ਨੇ ਕੀਤੀ। ਦੋਵਾਂ ਖੱਬੀਆਂ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਅੱਜ ਆਜਾਦੀ ਅੰਦੋਲਨ ਰਾਹੀਂ ਸਥਾਪਤ ਕੀਤੇ ਗਏ ਲੋਕਤੰਤਰ ਦੀ ਥਾਂ ਫਿਰਕੂ ਤਾਨਾਸ਼ਾਹੀ ਅਤੇ ਤਾਨਾਸ਼ਾਹੀ ਸੱਤਾ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਿੱਜੀਕਰਨ ਦੀ ਮੌਜੂਦਾ ਪ੍ਰਕਿਰਿਆ ਸਧਾਰਨ ਨਿੱਜੀਕਰਨ ਨਹੀਂ ਹੈ, ਸਗੋਂ ਦੇਸ਼ ਅਤੇ ਜਨਤਕ ਖੇਤਰ ਦੀ ਪ੍ਰਭੂਸੱਤਾ ਨੂੰ ਤਬਾਹ ਕਰਨ ਵਾਲੀ ਗੱਲ ਹੈ। ਇਸ ਲਈ ਸਾਡੇ ਦੇਸ਼ ਨੂੰ ਬਚਾਉਣ ਲਈ ਵਿਰੋਧੀ ਪਾਰਟੀਆਂ ਦੀ ਇੰਡੀਆ ਬਨਾਮ ਐਨ.ਡੀ.ਏ. ਗਠਜੋੜ ਦੀ ਪਹਿਲਕਦਮੀ ਇੱਕ ਸਵਾਗਤਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਦੇਸ਼ ਵਿੱਚ ਇੰਡੀਆ ਬਨਾਮ ਐਨਡੀਏ ਦਰਮਿਆਨ ਸਿਆਸੀ ਟਕਰਾਅ ਹੋਵੇਗਾ। ਲੋਕ ਸਭਾ ਚੋਣਾਂ ਵਿੱਚ ਇੰਡੀਆ ਗਠਜੋੜ ਵੱਲੋਂ ਇੱਕ ਸੀਟ 'ਤੇ ਸਿਰਫ ਇੱਕ ਉਮੀਦਵਾਰ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਦੋਵਾਂ ਪਾਰਟੀ ਸਕੱਤਰਾਂ ਨੇ ਕਿਹਾ ਕਿ ਦੇਸ਼ ਦੇ ਉਦਯੋਗ ਦੇ ਵਿਕਾਸ ਲਈ ਲੋਕਾਂ ਦੀ ਖਰੀਦ ਸ਼ਕਤੀ ਨੂੰ ਵਧਾਉਣਾ ਜਰੂਰੀ ਹੈ। ਪਰ ਭਾਜਪਾ ਸਰਕਾਰ ਰੁਜਗਾਰ ਦੇ ਮੌਕੇ ਵਧਾਉਣ ਅਤੇ ਆਮਦਨ ਵਧਾਉਣ ਦੀ ਬਜਾਏ ਦੇਸ਼ ਦੇ ਖਜਾਨੇ ਨੂੰ ਲੁੱਟ ਰਹੀ ਹੈ। ਜਦੋਂ ਤੋਂ ਭਾਜਪਾ ਸੱਤਾ ਵਿੱਚ ਆਈ ਹੈ, ਕਾਰਪੋਰੇਟ ਬੈਂਕਾਂ ਦੇ 17.6 ਲੱਖ ਕਰੋੜ ਰੁਪਏ ਦੇ ਕਰਜੇ ਮੁਆਫ ਕੀਤੇ ਜਾ ਚੁੱਕੇ ਹਨ। ਜਦਕਿ ਇਸ ਸਮੇਂ ਦੌਰਾਨ ਤੇਲ 'ਤੇ ਟੈਕਸ ਵਧਾ ਕੇ ਆਮ ਲੋਕਾਂ ਤੋਂ 14 ਲੱਖ ਕਰੋੜ ਰੁਪਏ ਦੀ ਲੁੱਟ ਕੀਤੀ ਗਈ ਹੈ। ਇਹ ਇਸ ਪਾਰਟੀ ਦਾ ਕਿਰਦਾਰ ਹੈ। ਭਾਜਪਾ ਸਮਾਜ ਵਿੱਚ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾਅ ਰਹੀ ਹੈ। ਹਰਿਆਣਾ ਵਿਚ ਸੱਤਾ ਵਿਚ ਆਉਣ ਤੋਂ ਬਾਅਦ ਗਊ ਰੱਖਿਆ ਦੇ ਨਾਂਅ 'ਤੇ ਕਾਰੋਬਾਰ ਚਲਾਇਆ ਜਾ ਰਿਹਾ ਹੈ ਅਤੇ ਗੁੰਡਿਆਂ ਦੀ ਫੌਜ ਖੜ੍ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਮਹੂਰੀ ਹੱਕਾਂ 'ਤੇ ਹਮਲੇ ਹੋ ਰਹੇ ਹਨ, ਕਾਨੂੰਨ ਬਦਲੇ ਜਾ ਰਹੇ ਹਨ, ਆਮ ਲੋਕਾਂ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਭਾਜਪਾ ਗਠਜੋੜ ਸਿੱਖਿਆ ਨੂੰ ਤਬਾਹ ਕਰ ਰਿਹਾ ਹੈ। ਨਵੀਂ ਸਿੱਖਿਆ ਨੀਤੀ 2020 ਅਤੇ ਹਰਿਆਣਾ ਵਿੱਚ ਚਿਰਾਗ ਯੋਜਨਾ ਇਸ ਦੀਆਂ ਤਾਜਾ ਉਦਾਹਰਣਾਂ ਹਨ। ਸਿਹਤ ਬੀਮਾ ਯੋਜਨਾ ਦਾ ਉਦੇਸ਼ ਜਨਤਕ ਸਿਹਤ ਢਾਂਚੇ ਨੂੰ ਤਬਾਹ ਕਰਕੇ ਨਿੱਜੀ ਹਸਪਤਾਲਾਂ ਨੂੰ ਉਤਸ਼ਾਹਿਤ ਕਰਨਾ ਹੈ। ਬੇਰੁਜਗਾਰੀ ਇੱਕ ਵੱਡੀ ਸਮੱਸਿਆ ਹੈ, ਕੇਂਦਰ ਅਤੇ ਰਾਜ ਸਰਕਾਰਾਂ ਦੇ ਵਿਭਾਗਾਂ ਵਿੱਚ ਲੱਖਾਂ ਅਸਾਮੀਆਂ ਖਾਲੀ ਪਈਆਂ ਹਨ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। 18 ਸਤੰਬਰ ਨੂੰ ਸੰਸਦ ਵਿੱਚ ਇੱਕ ਕਾਨੂੰਨ ਪਾਸ ਕਰਕੇ ਚੀਫ ਜਸਟਿਸ ਨੂੰ ਹਟਾ ਕੇ ਚੋਣ ਕਮਿਸ਼ਨ ਦੀਆਂ ਨਿਯੁਕਤੀਆਂ ਵਿੱਚ ਮਨਮਾਨੇ ਕਾਨੂੰਨ ਬਣਾ ਕੇ ਚੋਣ ਕਮਿਸ਼ਨਰ ਦੀਆਂ ਸਕਤੀਆਂ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਕਨਵੈਨਸ਼ਨ ਨੂੰ ਪਾਰਟੀ ਅਤੇ ਲੋਕ ਲਹਿਰ ਦੇ ਆਗੂਆਂ ਸਵਰਨ ਸਿੰਘ ਵਿਰਕ, ਪ੍ਰੇਮ ਚੰਦ, ਹਰਭਜਨ ਸਿੰਘ ਸੰਧੂ, ਸੁਰੇਖਾ, ਸੁਖਦੇਵ ਜੰਮੂ, ਸੁਮਿਤ, ਜਗਮਤੀ ਸਾਂਗਵਾਨ, ਨੀਲਮ ਸੰਧੂ, ਜਗਮਾਲ ਸਿੰਘ, ਕਾਮਰੇਡ ਅਰੁਣ ਕੁਮਾਰ ਸੱਕਰਵਾਲ, ਨਰੇਸ਼ ਦਧੋਦਾ, ਸਤਿੰਦਰ ਗਿਰੀ, ਵਿਨੋਦ ਗਿੱਲ, ਅਰਮਾਨ ਸਿੰਘ, ਰਮੇਸ਼ ਚੰਦਰ ਆਦਿ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਅੱਜ ਭਾਵੇਂ ਪਿੰਡ ਹੋਵੇ ਜਾਂ ਸ਼ਹਿਰ, ਘਰਾਂ ਦੀ ਵੱਡੀ ਸਮੱਸਿਆ ਹੈ। ਮਜਦੂਰ ਸ਼ਹਿਰਾਂ ਵਿੱਚ ਸੂਰਾਂ ਵਾਂਗ ਰਹਿਣ ਲਈ ਮਜਬੂਰ ਹਨ। ਖੁਰਾਕ ਸੁਰੱਖਿਆ ਨੂੰ ਤਬਾਹ ਕੀਤਾ ਜਾ ਰਿਹਾ ਹੈ। ਪਿਛਲੇ ਬਜਟ ਵਿੱਚ ਖੁਰਾਕ ਸੁਰੱਖਿਆ ਸਬਸਿਡੀ ਵਿੱਚ 90000 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਸੀ। ਬਿਜਲੀ ਦਾ ਨਿੱਜੀਕਰਨ ਕਰਨ ਅਤੇ ਗਰੀਬ ਲੋਕਾਂ ਨੂੰ ਹਨੇਰੇ ਵਿੱਚ ਰੱਖਣ ਲਈ ਬਿਜਲੀ ਬਿੱਲ 2023 ਪਾਸ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਜਨਤਕ ਟਰਾਂਸਪੋਰਟ ਨੂੰ ਨਿੱਜੀ ਹੱਥਾਂ ਵਿੱਚ ਸੌਂਪਿਆ ਜਾ ਰਿਹਾ ਹੈ, ਰਾਜ ਵਿੱਚ ਰੋਡਵੇਜ ਦਾ ਨਿੱਜੀਕਰਨ ਅਜਿਹਾ ਹੀ ਇੱਕ ਯਤਨ ਹੈ। ਅੱਜ ਖੇਤੀ 'ਤੇ ਨਿਰਭਰ ਆਬਾਦੀ, ਕਿਸਾਨ ਅਤੇ ਖੇਤ ਮਜਦੂਰ ਬੁਰੀ ਤਰ੍ਹਾਂ ਸੰਕਟ ਵਿੱਚ ਹਨ। ਫਸਲਾਂ ਬਰਬਾਦ ਹੋ ਰਹੀਆਂ ਹਨ, ਫਸਲਾਂ ਦੇ ਲਾਹੇਵੰਦ ਭਾਅ ਨਹੀਂ ਮਿਲ ਰਹੇ, ਪਸ਼ੂ ਪਾਲਕਾਂ ਦੀ ਹਾਲਤ ਤਰਸਯੋਗ ਹੈ। ਖੱਬੇ ਪੱਖੀ ਆਗੂਆਂ ਨੇ ਕਿਹਾ ਕਿ ਕੇਰਲ ਵਿੱਚ ਜਿੱਥੇ ਖੱਬੇ ਪੱਖੀ ਪਾਰਟੀਆਂ ਸੱਤਾ ਵਿੱਚ ਹਨ, ਉੱਥੇ ਖੁਰਾਕ ਸੁਰੱਖਿਆ, ਖੇਤੀ ਅਤੇ ਪਸ਼ੂ ਪਾਲਣ ਵਿੱਚ ਲੋਕ ਭਲਾਈ ਦੇ ਕਦਮ ਚੁੱਕੇ ਗਏ ਹਨ। ਅਜਿਹਾ ਵਿਕਲਪ ਅੱਗੇ ਲਿਆਂਦਾ ਜਾਣਾ ਚਾਹੀਦਾ ਹੈ। ਕਨਵੈਨਸ਼ਨ ਵਿੱਚ ਫੈਸਲਾ ਕੀਤਾ ਗਿਆ ਕਿ 15 ਅਕਤੂਬਰ ਤੋਂ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਜਾਵੇਗੀ। ਜਨਤਕ ਮੁਹਿੰਮ ਚਲਾਈ ਜਾਵੇਗੀ ਅਤੇ ਜਨਵਰੀ ਮਹੀਨੇ ਵਿੱਚ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ।

ਰਾਜਾ ਅਟਵਾਲ ਨੇ ਕੀਤੀ ਬਾਲੀ ਦੀ ਹਮਾਇਤ

ਨੂਰਮਹਿਲ (ਨਵਾਂ ਜ਼ਮਾਨਾ ਸਰਵਿਸ)- ਕਾਂਗਰਸ ਪਾਰਟੀ ਦੇ ਹਲਕਾ ਨੂਰਮਹਿਲ ਦੇ ਸਾਬਕਾ ਤੇ ਸਵ: ਵਿਧਾਇਕ ਗੁਰਬਿੰਦਰ ਸਿੰਘ ਅਟਵਾਲ ਦੇ ਸਪੁੱਤਰ ਰਾਜਾ ਅਟਵਾਲ, ਸਾਬਕਾ ਚੇਅਰਮੈਨ ਚਰਨ ਸਿੰਘ ਰਾਜੋਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ,ਗੁਰਦੀਪ ਸਿੰਘ ਥੰਮਣਵਾਲ, ਸਾਬਕਾ ਚੇਅਰਮੈਨ ਕਮੇਟੀ ਬਿਲਗਾ, ਨਵਤੇਜ ਸਿੰਘ ਚੌਧਰੀ ਬਿਲਗਾ, ਰਾਜ ਕੁਮਾਰ ਸਹੋਤਾ ਸਾਬਕਾ ਕੌਂਸਲਰ ਨੂਰਮਹਿਲ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਅੱਧੀ ਅਧੂਰੀ ਇਮਾਰਤ ਨੂੰ ਪੂਰੀ ਇਮਾਰਤ ਬਣਾਉਣ ਦੇ ਸਬੰਧ ਵਿੱਚ ਅਤੇ ਕਾਮਰੇਡ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੂਰਮਹਿਲ ਵਲੋਂ ਲਗਾਤਾਰ ਲੱਗੇ ਧਰਨੇ ਦੀ ਹਮਾਇਤ ਕਰਦਿਆਂ ਕਿਹਾ ਕਿ ਇਸ ਸਕੂਲ ਦੀ ਇਮਾਰਤ ਬਣਨੀ ਚਾਹੀਦੀ ਹੈ। ਅਸੀਂ ਸਰਕਾਰ ਪਾਸੋਂ ਮੰਗ ਕਰਦੇ ਹਾਂ ਕਿ ਇਹ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਸਾਨੂੰ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਇਸ ਵਿੱਦਿਆ ਦੇ ਖੇਤਰ ਵਲ ਧਿਆਨ ਦੇਣ ਦੀ ਲੋੜ ਹੈ ਅਤੇ ਜਲਦੀ ਤੋਂ ਜਲਦੀ ਇਮਾਰਤ ਬਣਨੀ ਚਾਹੀਦੀ ਹੈ।

ਦੌਲਤਪੁਰ ਵਿਖੇ ਬੱਬਰਾਂ ਦੀ ਸਾਲਾਨਾ ਬਰਸੀ ਮਨਾਈ

ਬਹਿਰਾਮ (ਅਵਤਾਰ ਕਲੇਰ) ਬੱਬਰਾਂ ਦੀ ਧਰਤੀ ਦੌਲਤਪੁਰ ਵਿਖੇ ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਉਦੇ ਸਿੰਘ , ਬੱਬਰ ਬਿਸ਼ਨ ਸਿੰਘ , ਬੱਬਰ ਕੈਪਟਨ ਮਹਿਤਾ ਸਿੰਘ ਅਸਸ਼ਕ ਚੱਕਰ ਵਿਜੇਤਾ, ਬੱਬਰ ਮਹਿੰਦਰ ਸਿੰਘ ਅਤੇ ਬੱਬਰ ਫੌਜਾ ਸਿੰਘ ਦੀ 100ਵੀਂ ਬਰਸੀ ਪਿੰਡ ਦੌਲਤਪੁਰ ਵਿਖੇ ਮਨਾਈ ਗਈ। ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੋਖੋਂ ਨੇ ਕਿਹਾ ਕਿ ਮੋਦੀ ਸਰਕਾਰ ਨੂੰ 2024 ਦੀਆਂ ਚੋਣਾਂ ਵਿੱਚ ਚਲਦਾ ਕਰਨਾ ਮਜਦੂਰ ਵਰਗ ਲਈ ਜਰੂਰੀ ਹੈ। ਮੋਦੀ ਨੇ ਆਪਣੇ ਭਾਈਵਾਲਾਂ ਨੂੰ ਮੁਨਾਫਾ ਦਿਵਾਉਣ ਲਈ ਮਜਦੂਰ ਵਰਗ ਮਹਿੰਗਾਈ ਦੀ ਮਾਰ ਹੇਠ ਲਿਆਂਦਾ ਹੈ। ਡੀਜਲ ਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਬੇਹਿਸਾਬ ਵਾਧਾ ਕੀਤਾ ਗਿਆ। ਰਸੋਈ ਦੀਆਂ ਵਸਤੂਆਂ ਵਿਚ ਵਾਧਾ ਕਰਕੇ ਹਰ ਘਰ ਦੇ ਬੱਜਟ ਨੂੰ ਪ੍ਰਭਾਵਿਤ ਕੀਤਾ ਹੈ। ਸਾਡੇ ਦੇਸ਼ ਦੇ ਯੋਧਿਆਂ ਨੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਆਜਾਦੀ ਪ੍ਰਾਪਤ ਕੀਤੀ ਸੀ ਤਾਂ ਕਿ ਦੇਸ਼ ਦੇ ਵਾਸੀਆਂ ਨੂੰ ਅੰਗਰੇਜਾਂ ਦੀ ਗੁਲਾਮੀ ਤੋਂ ਰਾਹਤ ਮਿਲ ਸਕੇ।

ਪਰ ਮੋਦੀ ਦੇ ਹਿੰਦੂ ਰਾਸ਼ਟਰ ਬਣਾਉਣ ਦੇ ਮੰਤਵ ਨੇ ਦੇਸ਼ ਦੇ ਸੰਵਿਧਾਨ ਨੂੰ ਖਤਰਾ ਪੈਦਾ ਕਰ ਦਿੱਤਾ ਹੈ। ਔਰਤਾਂ ਤੇ ਛੋਟੀਆਂ ਬੱਚੀਆਂ ਦੀ ਜਾਨ ਦੀ ਕੋਈ ਕੀਮਤ ਨਹੀਂ। ਮਨੀਪੁਰ ਦੀਆਂ ਘਟਨਾਵਾਂ ਇਸ ਗੱਲ ਦਾ ਸਬੂਤ ਹਨ। ਦੇਸ਼ ਦੇ ਸੂਰਬੀਰਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ 2024 ਦੀਆਂ ਚੋਣਾਂ ਵਿੱਚ ਮੋਦੀ ਅਤੇ ਉਸ ਦੀਆਂ ਭਾਈਵਾਲਾਂ ਨੂੰ ਹਰਾਇਆ ਜਾਵੇ। ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੇ ਰਾਹਾਂ 'ਤੇ ਚਲ ਰਹੀ ਹੈ ਅਤੇ ਆਪਣੀ ਇਸ਼ਤਿਹਾਰਬਾਜੀ 'ਤੇ ਖਰਚ ਕਰਕੇ ਪੰਜਾਬ ਸਿਰ ਕਰਜਾ ਚੜ੍ਹਾ ਰਿਹਾ ਹੈ। ਇਸ ਮੌਕੇ 'ਤੇ ਜ਼ਿਲ੍ਹਾ ਸਕੱਤਰ ਕਾਮਰੇਡ ਬਲਵੀਰ ਸਿੰਘ ਜਾਡਲਾ, ਜ਼ਿਲ੍ਹਾ ਸਕੱਤਰੇਤ ਮੈਂਬਰ ਚਰਨਜੀਤ ਸਿੰਘ ਦੌਲਤਪੁਰ , ਕੁਲਦੀਪ ਝਿੰਗੜ , ਸਤਨਾਮ ਸਿੰਘ ਜਾਨੀਵਾਲ , ਸਰਾਧੂ ਰਾਮ ਤਾਜੋਵਾਲ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਸਾਥੀ ਸੀਤਲ ਸਿੰਘ ਸੰਘਾ ਅਤੇ ਚਰੰਜੀ ਲਾਲ ਕੰਗਣੀਵਾਲ,ਮਹਾਂ ਸਿੰਘ ਰੌੜੀ, ਰਣਜੀਤ ਸਿੰਘ ਰਾਣਾ , ਸੁਖਦੇਵ ਸਿੰਘ ਗਰਚਾ , ਨਿਰਮਲ ਸਿੰਘ ਜਲਾਹਮਾਜਰਾ, ਕਮਲਜੀਤ ਸਿੰਘ ਫਿਲੌਰ ਆਦਿ ਸਾਥੀ ਹਾਜਰ ਸਨ। ਪਟਿਆਲਾ ਯੂਨੀਵਰਸਿਟੀ ਵਿਖੇ ਪੀ ਐੱਚ ਡੀ ਕਰ ਰਹੀ ਵਿਦਿਆਰਥਣ ਸ਼ਰਨਜੀਤ ਕੌਰ ਨੂੰ ਟੀਮ ਵਲੋਂ ਸਨਮਾਨਿਤ ਕੀਤਾ ਗਿਆ। ਮਾਨਵਤਾ ਕਲਾ ਮੰਚ ਨਗਰ ਦੀ ਟੀਮ ਨੇ ਇਨਕਲਾਬੀ ਨਾਟਕ ਪੇਸ਼ ਕਰਕੇ ਆਏ ਹੋਏ ਲੋਕਾਂ ਦਾ ਮਨੋਰੰਜਨ ਕੀਤਾ।

ਸੀਟੀ ਗਰੁੱਪ 'ਚ ਲਹਿਰਾਇਆ 25 ਮੀਟਰ ਦਾ ਰਾਸ਼ਟਰੀ ਝੰਡਾ

ਜਲੰਧਰ (ਸ਼ੈਲੀ ਐਲਬਰਟ)-ਸੀਟੀ ਗਰੁੱਪ ਨੇ ਦੇਸ਼ ਭਗਤੀ ਅਤੇ ਰਾਸ਼ਟਰੀ ਏਕਤਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਤ ਕਰਨ ਲਈ ਆਪਣੀ ਅਟੱਲ ਵਚਨਬੱਧਤਾ ਦਾ ਤਹਿਤ 25 ਮੀਟਰ ਦਾ ਵਿਸ਼ਾਲ ਰਾਸ਼ਟਰੀ ਝੰਡਾ ਲਹਿਰਾਇਆ ਗਿਆ । ਸਮਾਗਮ 'ਚ 2 ਪੰਜਾਬ ਬਟਾਲੀਅਨ ਐਨ ਸੀ ਸੀ ਜਲੰਧਰ ਦੇ ਕਰਨਲ ਵਿਨੋਦ ਜੋਸ਼ੀ ਪੁੱਜੇ। ਪ੍ਰੋਗਰਾਮ 'ਚ ਸੀਟੀ ਗਰੁੱਪ ਦੇ ਐਨ ਸੀ ਸੀ ਕੈਡਿਟਾਂ ਦਾ ਇੱਕ ਅਨੁਸ਼ਾਸਤ ਅਤੇ ਪ੍ਰਭਾਵਸ਼ਾਲੀ ਮਾਰਚ ਪਾਸਟ ਦੇਖਿਆ ਗਿਆ । ਸਮਾਗਮ ਦੀ ਪ੍ਰਧਾਨਗੀ ਕਰ ਰਹੇ ਕਰਨਲ ਵਿਨੋਦ ਜੋਸ਼ੀ ਨੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

ਇਸ ਮੌਕੇ ਸੀਟੀ ਗਰੁੱਪ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਕੈਂਪਸ ਡਾਇਰੈਕਟਰ ਡਾ. ਜੀ.ਐਸ.ਸਿੱਧੂ, ਵਿਦਿਆਰਥੀ ਭਲਾਈ ਵਿਭਾਗ ਦੇ ਡੀਨ ਡਾ. ਅਰਜਨ ਸਿੰਘ, ਸਟਾਫ਼ ਅਤੇ ਵ